# ਅਨਹਦ ਨਾਦ

ਡਾ. ਗੋਪਾਲ ਸਿੰਘ

ਭਾਸ਼ਾ ਵਿਭਾਗ, ਪੰਜਾਬ

Anhad Nad (In Punjabi)
Dr. Gopal Singh

ਅਨਹਦ ਨਾਦ

ਡਾ. ਗੋਪਾਲ ਸਿੰਘ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਵਾਰ : 1998

ਕਾਪੀਆਂ: 3,000

ਮੁੱਲ : 13.00 ਰੁਪਏ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਨਿਊ ਆਰਟ ਪ੍ਰੈਸ, ਜਲੰਧਰ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

# ਮੁੱਢਲੀ ਗੱਲ

ਨਰੋਆ ਸਾਹਿਤ ਆਪਣੇ ਸਮੇਂ ਦੇ ਸਮਾਜ ਦਾ ਨਿਰਾ ਦਰਪਣ ਹੀ ਨਹੀਂ ਹੁੰਦਾ ਸਗੋਂ ਮਾਨਵੀ ਸਮਾਜ ਨੂੰ ਹੋਰ ਸੁੱਚਜਾ ਸੁਖਾਵਾਂ ਬਣਾਉਣ ਵਿਚ ਪ੍ਰੇਰਨਾ ਤੇ ਅਗਵਾਈ ਵੀ ਪ੍ਰਦਾਨ ਕਰਦਾ ਹੈ। ਇਸੇ ਮੰਤਵ ਨੂੰ ਮੁੱਖ ਰਖਦੇ ਹੋਏ ਪੰਜਾਬੀ ਦੀਆਂ ਮਿਆਰੀ ਰਚਨਾਵਾਂ ਨੂੰ ਪੇਪਰ ਬੈਕ ਸਕੀਮ ਅਧੀਨ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਤਾਂ ਜੋ ਵੱਧ ਤੋਂ ਵੱਧ ਸਾਹਿਤ ਪ੍ਰੇਮੀ ਇਨ੍ਹਾਂ ਤੋਂ ਲਾਭ ਉਠਾ ਸਕਣ। ਹਥਲੀ ਪੁਸਤਕ "ਅਨਹਦ ਨਾਦ ' ਇਸੇ ਸੀਰੀਜ਼ ਅਧੀਨ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਡਾ. ਗੋਪਾਲ ਸਿੰਘ ਪੰਜਾਬੀ ਸਾਹਿਤ ਜਗਤ ਦੀ ਬਹੁਪੱਖੀ ਸਖ਼ਸ਼ੀਅਤ ਸਨ। ਆਪ ਦਾ ਕਵਿਤਾ, ਨਾਟਕ, ਜੀਵਨੀ, ਕੋਸ਼ ਤੋਂ ਇਲਾਵਾ ਧਾਰਮਿਕ ਖੇਤਰ ਵਿਚ ਪਾਇਆ ਯੋਗਦਾਨ ਵਿੱਲਖਣ ਤੇ ਵਿਸ਼ੇਸ਼ ਹੈ। ਆਪ ਦੀ ਮਹਾਨ ਸਾਹਿਤਕ ਘਾਲਣਾ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ 1961 ਵਿਚ ਸ਼੍ਰੋਮਣੀ ਸਾਹਿਤਕਾਰ ਦਾ ਸਨਮਾਨ ਭੇਟਾ ਕੀਤਾ ਗਿਆ। ਹਥਲੀ ਪੁਸਤਕ ਅਨਹਦ ਨਾਦ ਵਿਚ ਆਪ ਦੀ ਦੂਰ ਅੰਦੇਸ਼ੀ ਦ੍ਰਿਸ਼ਟੀ ਨੇ ਦਿਖਾਵੇ ਅਤੇ ਲੋਕਾਚਾਰ ਦੇ ਅਡੰਬਰ ਹੇਠ ਦਬੇ ਮਨੁੱਖੀ ਸਮਾਜ ਦੇ ਦੋਗਲੇਪਨ ਦੇ ਮਾਨਵੀ ਅਹਿਸਾਸਾਂ ਦੇ ਧਰਾਤਲ ਤੇ ਪ੍ਰਭਾਵਸ਼ਾਲੀ ਚਿਤਰ ਉਲੀਕੇ ਹਨ।
ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

ਡਾ. ਮਦਨ ਲਾਲ ਹਸੀਜਾ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

## ਕੀ ਲਿਖਾਂ, ਕੀ ਆਖਾਂ ?

ਕੌਣ ਕਰੇ ਹੁਣ ਗੱਲ ਪਿਆਰ ਦੀ ?
ਪਿਆਰ ਹੰਢਾਇਆ ਜਾ ਚੁਕਿਆ ਹੈ।
ਬੁੱਲ੍ਹ ਜਿਵੇਂ ਥਕ-ਢਹਿੰਦੀਆਂ, ਨੀਲ-ਪੀਲੀਆਂ, ਤ੍ਰੇਲ-ਘੋਲੀਆਂ ਸ਼ਾਮਾਂ।
ਨੈਣ, ਹਨੇਰੇ ਜਿਵੇਂ ਸ਼ਰਾਬੀ ਹੋਇ,
ਢਹਿਦੇ ਤੇ ਖੁਲ੍ਹ ਵੈਂਦੇ।
ਵਾਲ, ਫੇਰੀਆਂ ਅੱਖੀਆਂ ਵਾਂਗੂ,
ਬਿਖਰੇ, ਹੋਛੇ, ਅੱਥਰੇ ਨੰਗੇ,
ਚੰਨ ਨੇ ਭਾਵੇਂ ਫੇਰ ਉਂਗਲੀਆਂ ਮਿੱਠੀਆਂ ਮਿੱਠੀਆਂ,
ਵਾਂਗ ਚਾਨਣੀ ਲੀਕਾਂ ਪਾਈਆਂ ਚਿੱਟੀਆਂ।
ਛਾਤੀਆਂ, ਜਿਉਂ ਕੋਈ ਘੁਗੀਆਂ ਦਾ
ਦਿਲ-ਵੀਂਡਿਆ ਜੋੜਾ,
ਆਪ ਆਪਣੀਆਂ ਚੁੰਝਾਂ ਚੁੰਘਦਾ;
ਪੁੜੇ ਪਿਆਰ ਦੇ ਮਾਨੋਂ ਕੰਡੇ ਚੁਣਦਾ!
ਜਾਂ ਦੋ ਸੱਧਰਾਂ ਆਹਮੋ-ਸਾਹਵੇਂ,
ਖਿੱਚੀਆਂ, ਸੁੱਤੀਆਂ;
ਜਾਂ ਜਿਉਂ ਸੁਪਨਾ ਸਾਹ ਲੈਂਦਾ ਹੈ.
ਤ੍ਰਭਕ ਤ੍ਰਭਕ ਕੇ!
ਤ੍ਰੀਆ-ਹਨੇਰੇ, ਜੋ ਅੱਗੇ ਸਨ
ਮੌਤ ਵਾਂਗਰਾਂ ਸਾਂਵਲ-ਸੁੱਚੇ,
ਦੂਰੀ ਵਾਂਗ ਪਿਆਰੇ,
ਭੇਦ ਇਨ੍ਹਾਂ ਦਾ ਜਾਣ ਚੁਕੇ ਹਨ ਸਾਰੇ!

ਕੌਣ ਕਰੇ ਹੁਣ ਗੱਲ ਮੌਤ ਦੀ ?

ਮੌਤ,

ਜਿਵੇਂ ਕੋਈ ਆਣ-ਜਾਣ ਦਾ ਝਾੜ ਬਿਸਤ੍ਰਾ, ਨੀਂਦਰ ਸੁੱਤੀ।

ਜਾਂ ਜੋ ਸੁਫ਼ਨਾ ਹੈ ਘੁਲੀਆਂ ਯਾਦਾਂ ਦਾ,

ਜੋ ਸਮਿਆਂ ਦੇ ਪਾਣੀ ਅੰਦਰ

ਹਰਦਮ ਹਿਲਦਾ ਰਹਿੰਦਾ!

ਕੁਦਰਤ ਹਰ ਕੋਈ ਤੱਕ ਸਕਦਾ ਹੈ

ਜੋ ਬਹਾਰ ਦੀ ਸੂਹੀ, ਸਾਵੀ ਚੁੰਨੀ ਹੇਠਾਂ

ਭੂਰੀ ਪੱਤਝੜ ਦੀ ਡੋਲੀ ਵਿਚ ਬੈਠੀ

ਵਿਧਵਾ ਬੁਲਬੁਲ ਰੋਂਦੀ ਵੇਖੇ।

ਤੇ ਕਵੀਆਂ ਨੇ ਨਿਤ-ਵਟਦੇ ਦਿਲ-ਨੈਣ ਓਸ ਦੇ

ਕੰਬਦੇ-ਚੜ੍ਹਦੇ, ਭਖਦੇ-ਢਹਿੰਦੇ ਸੂਰਜ ਵਾਂਗੂੰ

ਜਿਦ੍ਹੇ ਅੱਗੇ ਤੇ ਪਿੱਛੇ ਨੇ

ਪਰਛਾਂਵੇਂ ਹਰਦਮ ਪਹਿਰਾ ਦੇਂਦੇ,

ਤਾੜ ਲਏ ਹਨ।

ਤੇ ਜੋ ਇਵੇਂ ਸਹਿਕਦੇ ਹੈਣ

ਅਸਾਡੀਆਂ ਯਾਦਾਂ ਅੰਦਰ,

ਜਿਵੇਂ ਤ੍ਰੇਲ ਦਾ ਤੁਪਕਾ

ਪੱਤਰ-ਨੋਕ ਨਾਲ ਲਟਕੰਦੜਾ,

ਹੋਂਦ-ਨਿਹੋਂਦ ਦੀ ਤੱਕੜੀ ਤੁਲਦਾ ਰਹਿੰਦਾ।

ਤੇ ਜੋ ਸਾਨੂੰ ਰੀਝਾਉਣ, ਝੁੰਝਲਾਉਣ,

ਸੁੱਤੀਆਂ, ਸਹਿਕੀਆਂ, ਮੰਦ-ਮੰਦ ਸਰਦ-ਹਵਾਈਂ ਵਾਂਗੂੰ

ਤੇ ਲੰਘ ਜਾਵਣ ਕਰਦੀਆਂ ਘੁਸਮੁਸ, ਘੁਸਮੁਸ,

ਤੇਲੇ ਘਾਹ ਦੇ ਵਿਚੋਂ ਛਿਪੀਆਂ ਸ਼ਰਮ ਸ਼ਰਮ ਕੇ,

ਜਿਵੇਂ ਪੀਂਘ ਸਤਰੰਗੀ ਅਪਣੀ ਛਾਤੀ ਡਾਹੇ,

ਵਿੱਚ ਪੁਲਾੜ ਲਟਕਦੇ ਤੁਪਕਿਆਂ ਉੱਤੇ,

ਅਤੇ ਜਿਹਨੂੰ

ਨਾ ਧਰਤੀ ਖਿੱਚੇ,

ਨਾ ਅਸਮਾਨ ਚੜ੍ਹਾਵੇ ਅਪਣੇ ਉੱਤੇ।

ਤੇ ਮੈਂ ਕਿਸ ਲਈ ਲੀਕਾਂ ਵਾਹਵਾਂ ?

ਪਾਣੀ ਵਿਚ ਲਕੀਰ ਕਦੀ ਠਹਿਰੀ ਹੈ ?

ਸੁਫ਼ਨੇ ਦੀ ਵੀ ਅੱਖ ਕਦੀ ਸੁੱਤੀ ਹੈ ?

ਭੂਤ ਨਾਲ ਕਿਉਂ ਝਗੜਾਂ ਓਸ ਭਵਿੱਖ ਲਈ
ਜੋ ਆਉਣੇ ਕੰਬੇ।

ਰੂਹ ਉਤੇ ਕੀ ਲਿਖਾਂ ?

-ਭੋਰਦੀ ਸਦਾ ਸਦਾ ਜੋ ਸਾਡੇ ਕੰਢੇ!

ਕੀ ਲਿਖਾਂ ਰੱਬ ਉਤੇ ?

-ਕਿ ਜਿਸ ਨੂੰ ਕੋਈ ਨਾ ਚਾਹੇ,

ਨਾ ਕੋਈ ਮੰਗੇ,

ਨਾਲੇ ਹਰ ਕੋਈ ਮੰਨੇ,

ਭਾਵੇਂ ਮਿਲਣੇ ਸਹਿਮੇ, ਸੰਗੇ ?

ਹਾਇ, ਮਨੁੱਖ ਵੱਟ ਜਾਂਦਾ ਹੈ,

ਵੱਟਣ ਤੋਂ ਪਹਿਲਾਂ!

ਉਸ ਨੇ ਅਪਣੇ ਮਨ ਨੂੰ

ਆਪੇ ਮਰਦੇ-ਜੰਮਦੇ, ਸ੍ਵੈ-ਚਾਲੂ ਅਣੂਆਂ ਦੇ ਅੰਦਰ

ਢਾਲ ਲਿਆ ਹੈ!

ਹਰ ਜੀਊਂਦਾ ਕਿਣਕਾ ਹੁਣ ਅਪਣਾ

ਜੀਵਨ-ਕੇਂਦਰ ਲਭਣਾ ਚਾਹੇ,

ਤਾਂ ਜੁ ਵਾਂਗ ਪਰਮਾਣੂ, ਉਸ ਦੀ ਛਾਤੀ ਭੰਨੇ,
ਅਤੇ ਅਸੰਖਾਂ ਅਣਿਆਈ ਮੌਤਾਂ ਦੀਆਂ ਨਿੱਤ ਅਸੀਸਾਂ ਪਾਵੇ
ਅਪਣੇ ਛੰਨੇ!
ਮਾਨੁੱਖ ਨੂੰ ਹੁਣ ਆਪ ਮਨੁੱਖ ਨਹੀਂ ਖਾਂਦਾ ਕੱਚਾ।
ਹੁਣ ਉਹ ਉਸ ਨੂੰ ਭੁੱਖਾ ਮਾਰੇ,
ਤੇ ਉਸ ਦੀ ਮਾਨੁੱਖਤਾ ਨੂੰ ਧਿਤਕਾਰੇ!
ਹੁਣ ਨਹੀਂ ਜੰਗ ਦੀਆਂ ਅੰਠੀਆਂ ਲਾਟਾਂ ਏਨੀਆਂ ਮਾਰੂ,
ਜਿੰਨੀ ਠੰਢ ਅਮਨ ਦੀ ਸੋਚੀ-ਸਮਝੀ
ਸੁੰਨ ਸੁਆਂਦੀ!
ਮਾਂ-ਧਰਤੀ ਦੀ ਹਯਾ-ਸ਼ਰਮ ਤੋਂ
ਕੱਜਣ ਲੱਥਾ,
ਜਿਵੇਂ ਬਜ਼ਾਰੀ ਤੀਵੀਂ!
ਚੰਨ ਜੋ ਕਦੀ ਪ੍ਰੀਤ-ਸੇਕੀਆਂ ਅੱਖੀਆਂ ਦੀ ਸੀ
ਠੰਢੀ, ਨਿਰਮਲ, ਸ਼ਾਂਤ, ਇਕਾਗਰ, ਝੀਲ-ਬਿਲੌਰੀ,
ਉਸ ਉਤੇ ਵੀ ਆਦਮ ਲੱਥਣ ਲੱਗੇ,
ਤਾਂ ਜੁ ਵਸੇ ਹੋਰ ਇਕ ਗੰਦੀ ਬਸਤੀ!
ਨਰਕ ਵਿਚ ਵੀ, ਕਹਿੰਦੇ,
ਛੇਤੀ ਜੈੱਟ ਉਤਰੇਗਾ,
ਉੱਥੇ ਵੀ ਇਕ ਹੋਰ ਹਵਾਈ ਅੱਡਾ ਬਣਸੀ!
ਮਾਨੁੱਖ ਹੈ ਹੁਣ
ਨਵੇਂ ਯੁਗ ਦੀ ਪੂਜਾ ਕਰਦਾ,
ਟੱਲ ਖੜਕਾਂਦਾ,
ਰੱਤ ਦੇ ਟਿੱਕੇ ਲਾਂਦਾ!
ਕਾਹਲੀ ਕਾਹਲੀ ਗਿਣਦਾ ਪਲ ਤੇ ਘੜੀਆਂ,
ਪਤਾ ਨਹੀਂ, ਕੀ ਇਸ 'ਤੇ ਭੀੜਾਂ ਬਣੀਆਂ ?
ਜਿੱਥੇ ਸਾਰੇ ਦੋ-ਦੋ ਦਿਸਣ,

ਠੋਡੀ ਦੋਹਰੀ, ਗਲ ਦੰਗਲੀ, ਬੱਟਣ ਦੋਹਰੇ
ਦਿਲ-ਛਾਤੀ ਦੇ,
ਰੂਹ ਅਧਵਾਟਿਉਂ ਪਾਟੀ,
ਸਮੇਂ ਦੇ ਐਨ ਵਿਚਾਲ ਖੜੋਤੇ
ਜਿਵੇਂ ਸ਼ਰਾਬੀ ਅੱਧੀ-ਰਾਤੀ!
ਨਾ ਅੱਗੇ ਨੂੰ ਜਾਂਦੇ ਦਿਸਦੇ,
ਨਾ ਇਹ ਹਟਦੇ ਪਿੱਛੇ,
ਹਰ ਆਂਦੇ ਜਾਂਦੇ ਰਾਹੀ ਨੂੰ
ਹਰ ਕੋਈ ਨਿੱਛੇ!

ਮਨ-ਵਿਗਿਆਨੀ ਕੋਲ ਖੋਲ੍ਹਦੇ
ਮਨ ਦੀ ਚਾਦਰ ਵੱਟੋ ਵੱਟੀ,
ਕਿਉਂ ਜੁ ਉਹਨੂੰ ਵੇਚਣਾ ਪੈਂਦਾ
ਹੱਟੀ ਹੱਟੀ!
ਦਿੱਲ
ਰਾਜਸੀ ਗੜਬੜ ਦੀ ਉਦਯੋਗ-ਸ਼ਾਲ ਵਿਚ
ਨਿੱਤ ਢਾਲਣਾ ਪੈਂਦਾ!
ਰੂਹ ਦਾ ਕਪੜਾ
ਕੌਮੀ-ਹੋਈ ਲਾਂਡਰੀ ਅੰਦਰ
ਰੋਜ਼ ਧੁਆਣਾ ਪੈਂਦਾ!
ਅੱਖਾਂ ਹਨ ਕਿ ਘੁੰਮਣ-ਘੇਰੀ ?
ਮਨ ਹੈ ਕਿ ਕੋਈ ਆਣ-ਜਾਣ ਦੀ ਫੇਰੀ ?
ਖੌਂਚੇ ਵਾਂਗ ਖਰੁੱਚੇ ਸਭ ਦਾ ਅੰਦਰ,
ਮਾਰੇ ਸਭ ਨੂੰ ਕਾਤੀ।
ਹੱਥ ਪੁਟਦੇ ਹਨ ਮਿੱਟੀ ਸਭ ਦੀ
ਜਾਂ ਫਿਰ ਧੱਕੇ ਮਾਰਨ।
ਲੱਤਾਂ ਦੌੜ ਦੌੜ ਕੇ ਹੰਭੀਆਂ,

ਜੋ ਦਿਨ ਲੱਭਣ,
ਰਾਤੀਂ ਹਾਰਨ!

ਏਨਾਂ ਮੇਲਾ ਭਰਿਆ ਹੈ,
ਪਰ ਹਰ ਕੋਈ ਕੱਲਾ!
ਭੀੜ ਬੜੀ ਹੈ,
ਪਰ, ਉਹ ਰੂਹ ਨਾ ਦਿਸਦੀ ਕਿਧਰੇ,
ਜਿਸ ਦੇ ਪਿੱਛੇ ਦਿਲ ਦੌੜੇ, ਕੁਰਲਾਵੇ, ਕੂਕੇ,
"ਇਹ ਮੇਰਾ ਹੈ, ਇਹ ਹੈ ਸਾਰਾ ਮੇਰਾ!"
ਪਤਾ ਨਹੀਂ, ਕਿੰਜ ਧਰਤ ਬਣੀ ਸੀ ?
ਵਾਂਗ ਹਾਦਸੇ,
ਜਾਂ ਇਹ ਰੱਬ ਦੀ ਅਣਵਿਗਿਆਨਕ ਲੀਲ੍ਹਾ।
ਪਰ ਇਹ ਧਰਤੀ
ਉਵੇਂ ਕਿਵੇਂ ਹੀ ਆਦ-ਜੁਗਾਦੀ,
ਨਾ ਸਾਇੰਸ, ਨਾ ਰੱਬ ਤੋਂ ਜਾਵੇ ਸਾਧੀ!
ਰੱਬ ਨੇ ਇਸ ਵਿਚ ਜੁਗਾਂ ਜੁਗਾਂ ਦਾ ਖੌਟਿਆ
ਇਕੋ ਵੇਰੀ ਪਾਇਆ।
ਇਸੇ ਲਈ ਉਹ ਜੀਉਂਦਾ ਹੈ ਹੁਣ
ਰਹਿੰਦ-ਖੂੰਹਦ ਸਧਰਾਇਆ।
ਔਲਾਦ ਇਦ੍ਹੀ ਇਸ ਬੁੱਢੀ ਉਮਰੇ,
ਪੌੜੀ ਰੋਜ਼ ਹਿਠਾਂਹ ਨੂੰ ਖਿੱਚੇ।
ਤਾਂ ਜੁ ਵਿਹੜਾ ਹੋਇ ਮੌਕਲਾ,
ਅਤੇ ਜਵਾਨੀ, ਵਾਂਗ ਮੌਤ ਦੇ ਨੱਚੇ।
ਹੁਣ ਤਾਂ ਹੈ ਪਰਵਾਨ ਉਹੀ ਕੁਝ,
ਜੋ ਜਾਦਾਇਦ ਬਣਿਆ।
ਰੱਬ ਹੋਵੇ ਤਾਂ ਵਿਚ ਅਕਾਸ਼ਾਂ

ਵਾਂਗੂ ਮੰਦਰ ਚਮਕੇ!
ਰੂਹ ਹੋਵੇ ਤਾਂ ਵਾਂਗ ਪੇਟ ਦੀ ਗੜਗੜ ਗੜ੍ਹਕੇ!
ਮਾਨੁੱਖ ਹੋਇ, ਤਾਂ ਵਾਂਗ ਪੁਰਾਣੇ ਫ਼ਰਨੀਚਰ ਦੇ ਵਿੱਕੇ!

ਆਓ, ਫੇਰ ਕੁਝ ਲਿਖੀਏ ਅਪਣੇ ਬਾਰੇ।
ਜਿਸ ਨੂੰ ਹੋਰ ਕੋਈ ਨਾ ਸਮਝੇ, ਨਾ ਜਾਣੇ, ਨਾ ਪਿਆਰੇ।
ਪਰ ਜਿਸ ਵਿਚ ਕੋਈ ਚੀਜ਼ ਲੁਕੀ ਹੈ ਐਸੀ,
ਜੋ ਨਾ ਪਹਿਲਾਂ ਕਦੀ ਹੋਈ ਸੀ
ਨਾ ਹੀ ਅੱਗੋਂ ਹੈਸੀ।
ਪਰ ਮੈਂ ਕੀ ਜਾਣਾ
ਕੀ ਮੇਰੇ ਅੰਦਰ ਭਰਿਆ ?
ਜਿੰਦ-ਵਹੁਟੀ ਨੇ ਬਿਨ-ਬਾਬਲ ਦੇ ਪੁੱਛੇ,
ਕਿਸ ਨੂੰ ਚੋਰੀ ਚੋਰੀ ਵਰਿਆ!
ਮੈਂ ਕਰਦਾ ਹਾਂ ਉਹ ਕੁਝ,
ਜੋ ਨਾ ਕਰਨਾ ਚਾਹਾਂ!
ਤੇ ਹਰ ਵੇਲੇ ਥਰਹਰ ਕੰਬਾਂ,
ਦਇਆ-ਦ੍ਰਿਸ਼ਟੀ ਮਾਨੁੱਖ ਦੀ ਤੋਂ,
ਨਾਲੇ ਉਦੇ ਕਨੂੰਨਾਂ ਤੋਂ!
ਜਾਂ ਰੈਆਂ, ਰੱਬ ਵਾਂਗ,
ਆਪਣੀ ਆਪ ਮੌਤ ਨੂੰ
ਕਰ ਕਰ ਲੰਮੀਆਂ ਬਾਂਹਾਂ!
ਤੇ ਜਦ ਕਦ ਵੀ ਆਪਣੇ ਅੰਦਰ ਝਾਕਾਂ,
ਅੱਗੋਂ ਪੇਟ ਪੁਕਾਰੇ।
ਜਾਂ ਫਿਰ ਬਾਹਰੋਂ ਟੱਲੀ ਖੜਕੇ,
ਤੇਹਰੇ-ਸਰਾਪੇ ਹਰਕਾਰੇ ਦੀ
-ਓਹੀ ਮੁੜ ਮੁੜ ਚਿੱਠੀਆਂ-

ਕੋਈ ਬੁੱਢਾ ਸਰਕਾਰੀ ਰੋਗੀ
ਗੁਜ਼ਰ ਗਿਆ ਹੈ। ਕਿਸ ਦੀ ਰੰਡਵੀ ਸ਼ਾਦੀ
ਵਾਂਗ ਧਮਾਕੇ ਹੋਸੀ? ਤੇ ਉਧਾਰ
ਕਿਸ ਕਿਸ ਦਾ ਦੇਣਾ ਰਹਿੰਦਾ ਬਾਕੀ ?

ਸਿਰ ਹੈ
ਜਾਂ ਕੋਈ ਸਹਿਕੀਆਂ ਯਾਦਾਂ ਦਾ
ਇਕ ਘੁਲਿਆ ਕੱਚਾ ਅੰਡਾ ?
ਦਿਲ ਹੈ
ਜਾਂ ਕੋਈ ਥਕੀ ਹੋਈ ਇਕ ਟਿਕ ਟਿਕ ਕਰਦੀ
ਘੜੀ ਪੁਰਾਣੀ,
ਲਗੀ ਵਿਚ ਹਵੇਲੀ ਸਰਾਪੀ,
ਜਿਸ ਵਿਚ
ਜੋ ਰਹਿੰਦਾ
ਸੋ ਸਕਦਾ ਲੈਂਦਾ।

ਸਮਾਂ ਇਵੇਂ
ਜਿਉਂ ਲੰਮੀ ਤੇ ਵਲਦਾਰ ਗਲੀ ਵਿਚ
ਖੜਕੇ ਗੁਜ਼ਰ-ਜਾਣ ਦੀ ਘੰਟੀ।
ਜਾਂ ਫਿਰ ਜੀਕੂੰ ਸੰਝਾਂ ਪਈਆਂ,
ਤੇ ਸ਼ਿਵਜੀ ਨੇ ਜੁਗਾਂ ਜੁਗਾਂ ਦੀ
ਵਿਸਲੀ ਗੁਦੜੀ ਛੱਡੀ।
ਜਾਂ ਫਿਰ ਖੜਕਣ ਸੂਰਜ-ਸੋਖੀਆਂ ਹੱਡੀਆਂ,
ਬਹੇ, ਜਰਜਰੇ, ਜਿਲ੍ਹੇ ਮਾਸ ਦੇ ਹੇਠਾਂ,
ਤੇ ਇਉਂ ਘੂਰਨ
ਠੰਢਾ, ਨੰਗਾ ਅਤੇ ਭਿਆਨਕ
ਜਿਵੇਂ ਖੋਪਰੀ ਕੀੜਿਆਂ-ਖਾਧੀ;

ਜਾਂ ਮੈਂ ਜਿਵੇਂ ਉਨ੍ਹਾਂ ਦੀ ਲੱਗੀ ਸਖਣੀ ਕੋਠੀ
ਲਈ ਕਿਰਾਇਆ ਦਮ ਦਮ ਭਰਦਾ ਹੋਵਾਂ,
ਜਾਂ ਮੈਂ ਬਿਨਾਂ-ਆਗਿਆ ਅੰਦਰ-ਵੜਿਆ
ਭੁੱਲਿਆ ਚੁਕਿਆ ਰਾਹੀ।

ਲਹੂ ਮੇਰਾ ਹੈ ਸੁੰਘਦਾ ਫਿਰਦਾ
ਵਾਂਗ ਸ਼ਿਕਾਰੀ ਕੁੱਤੇ।
ਕਦੀ ਨੀਲੀਆਂ ਅੱਖੀਆਂ ਵਟਦਾ,
ਵਾਂਗ ਅਕਾਸ਼ਾਂ, ਚਿੰਤਾ ਭੂਰੀਆਂ,
ਕਦੀ ਲਾਲ ਭਖਿਆਈਆਂ,
ਜਿਵੇਂ ਗੁਸੈਲ ਭੁੱਖ ਦੀਆਂ।
ਜਜ਼ਬੇ ਹਨ, ਤਾਂ ਤੱਤੇ ਤੱਤੇ,
ਭੱਖਣ ਜਿਵੇਂ ਹਨੇਰਾ।
ਤੰਤੂ, ਜਿਉਂ ਬਿਜਲੀ ਦੀ ਛਾਤੀ
ਉੱਤੇ ਲੁਛਦਾ ਪਿਆ ਬਟੇਰਾ।
'ਤੇ ਹਾਲੀ ਮੈਂ ਨਹੀਂ ਫੋਲੀਆਂ
ਦਿਲ ਅੰਦਰ ਦੇ ਟੋਇ ਟਿੱਬੇ,
ਅਤੇ ਖ਼ਿਲਾਵਾਂ ਖਾਈਆਂ,
ਤਲੀ ਵਾਂਗ ਸੁੰਞੀਆਂ ਡੂੰਘਾਈਆਂ।
ਕਿ ਕੋਈ ਉਪਰੋਂ ਬਾਜ਼ ਅਚਿੰਤਾ
ਆਣ ਝਪੱਟਾ ਮਾਰੇ
ਸ਼ਾਹ-ਰਗ ਆਣ ਦਬੋਚੇ, ਨੋਚੇ,
ਤੇ ਮੈਂ ਉਡਦਾ ਰੂਹ ਦਾ ਪੰਛੀ
ਵਾਂਗ ਜੈੱਟ ਦੀ ਪੌਣ-ਚਾਲ ਦੇ,
ਇਕ ਪ੍ਰਦੇਸੋਂ
ਦੂਜੇ ਅੰਦਰ ਲਾਹਿਆ ਜਾਂਦਾ,

ਜਿੱਥੇ ਮਿਰਾ ਸਵਾਗਤ ਕਰਦੀ
ਰੱਬ ਦੀ
ਠੰਢੀ, ਤ੍ਰੇੜੀ, ਵੰਡੀ ਮਿੱਟੀ।
ਫਿਰ ਮੈਨੂੰ ਹੁਣ ਕੌਣ ਸੁਣੇਗਾ ?
ਇਹ ਸੌਦਾ ਮੈਂ ਵੇਚਾਂ ਕਿਹੜੀ ਹੱਟੀ ?

*****

# ਕਲ੍ਹ

ਸਰਾਪਿਆ ਮੈਨੂੰ ਅਜਲਾਂ ਨੇ
ਕਿ ਮੈਂ ਜੀਵਾਂ ਆਉਂਦੇ ਕਲ੍ਹ ਨੂੰ!
ਤੇ ਅੱਜ ਨੂੰ ਧੁੰਧਲਾਵਾਂ, ਝੁਠਿਆਵਾਂ, ਜਾਂ ਵਟਾਵਾਂ
ਕਿਸੇ ਬੀਤੇ ਕਲ੍ਹ ਨਾਲ!
ਮੈਂ ਵਿਕਾਸ ਕਰਦਾ ਹਾਂ,
ਤਾਂ ਪਿਛਾਂਹ ਨੂੰ! ਤਾਰਿਆਂ ਦੀ
ਪੁੰਘਰੀ ਲਿਖਾਈ ਕਿਸੇ ਚੀਨੀ ਬੁਝਾਰਤ ਵਾਂਗ
ਇਕ ਹੋਰ ਰਾਤ ਨੂੰ ਇਕ ਪੁਰਾਤਨ ਪੱਥਰ ਦੀ
ਕਾਲੀ ਭੂਰੀ ਛਾਤੀ ਵਿਚ ਪੰਘਾਰਦੀ ਹੈ!
ਦਿਨ. ਕਲ੍ਹ ਰਾਤ ਦੀ ਜੂਠੀ ਠੀਕਰੀ ਵਿਚੋਂ
ਜੀਵਨ-ਤੱਤ ਚੱਟ ਰਿਹਾ ਹੈ!
ਕੁੱਤਾ ਇਕ ਹੋਰ ਨਵੀਂ ਹੱਡੀ ਚਿੱਟੀ ਰੁਖੀ
ਚੱਟ ਕੇ ਛੱਡ ਜਾਂਦਾ ਹੈ!
ਨੀਲੇ ਖ਼ੁਦ ਪੱਤੇ ਜਿਨ੍ਹਾਂ ਦੀਆਂ ਚਿੱਟੀਆਂ ਰੱਗਾਂ ਨੂੰ
ਕੋਈ ਚਿੜੀ ਆਣ ਠੱਗਦੀ ਹੈ, ਆਪਣਾ ਸਾਰਾ ਕੱਚਾ ਦੁੱਧ
ਇਵੇਂ ਡੋਲ੍ਹਦੇ ਹਨ, ਜਿਵੇਂ ਖਾਧੇ ਫੇਫੜੇ ਵਿਚੋਂ
ਲਹੂ ਦੀ ਉਲਟੀ!
ਬਟੇਰੇ ਦੀ ਲੁਕਵੀਂ 'ਕੁਆਂਇ ਕੁਆਇ' ਨੂੰ ਹਾਇ,
ਕਿਵੇਂ ਹਰ ਨਵੇਂ ਚੰਨ ਦੀ ਦਾਤਰੀ ਕਟ ਦੇਂਦੀ ਹੈ,
ਅਤੇ ਨਵੇਂ ਕੰਡੇ ਉੱਗ ਆਉਂਦੇ ਹਨ,
ਨਵੇਂ ਫੁੱਲਾਂ ਦੇ ਦੁਆਲੇ, ਉਨ੍ਹਾਂ ਦੀਆਂ
ਪੁਲਾੜ ਉਤੇ ਬੱਝੀਆਂ ਆਸਾਂ ਨੂੰ ਤਰੁੰਡਣ ਲਈ!
ਦਿਲ ਦੀ ਘੜੀ,

ਜੀਵਨ ਦੇ ਪੇਚ ਨੂੰ,
ਇਕ ਪੂਰਾ ਹੱਥ ਹੋਰ ਢਿੱਲਾ ਕਰਦੀ ਹੈ
ਆਪਣੀਆਂ ਦੋਹਰੀਆਂ-ਟੁਕੀਆਂ,
ਤਿੱਖੀਆਂ, ਫ਼ੌਲਾਦੀ ਉਂਗਲਾਂ ਨਾਲ,
ਤੇ ਉਕਰਦੀ ਹੈ
ਦਰਦ ਉਸ ਜੀਣ ਦਾ
ਜਿਸ ਵਿਚ ਪੀੜ ਨਾ ਹੋਵੇ ਦਰਦੀਣ ਦੀ!
ਕਲ੍ਹ
ਆਰਜ਼ੀ ਸੁਲਹ ਹੋਵੇਗੀ
ਇਕ ਜ਼ਨਾਨੀ ਦੇ ਲਹੂ
ਤੇ ਮਰਦ ਦੇ ਪਾਟੇ ਹੋਇ ਨਹੁੰਆਂ ਵਿਚ!
ਸਮੁੰਦਰ ਨੇ
ਆਪਣੇ ਜਬਾੜਿਆਂ ਨੂੰ ਟੁੱਕਿਆ ਹੋਸੀ
ਇਕ ਵੇਰ ਫੇਰ
ਵੰਗਾਰਿਆ ਹੋਇਆ
ਆਪਣੀ ਅੰਤਰ-ਆਤਮਾ ਦੀ ਸਜਰ-ਖੁਲ੍ਹੀ
ਅੱਖ ਦਾ!
ਕਲ੍ਹ
ਮੈਨੂੰ ਕਿਸੇ ਮੰਜ਼ਲ ਦੀ
ਨਾ ਆਸ ਨਾ ਉਡੀਕ ਹੋਸੀ!
ਤਦੇ ਤਾਂ ਮੈਂ ਜੀਵਾਂਗਾ
ਆਉਂਦੀ ਪਰਭਾਤ ਨੂੰ,
ਬੀਤੀ ਰਾਤ ਵਾਂਗ,
ਜਿਵੇਂ ਉਹ ਕੋਈ ਅੱਜ ਹੋਵੇ-
ਹੁਣੇ ਹੁਣੇ ਲੱਧਾ ਤੇ ਗਵਾਚਾ!

*****

## ਹੇ ਸਾਜਨ, ਮੈਂ ਪ੍ਰੀਤ ਤੇਰੀ ਨੇ ਛੱਲੀ

ਹੈ ਸਾਜਨ
ਮੈਂ ਪ੍ਰੀਤ ਤੇਰੀ ਨੇ ਛੱਲੀ।
ਇਕ ਦਰ ਨਾਲ ਅਨੰਤਾਂ ਰਲੀ,
ਇਕ ਦਰ ਹੋਈ ਇਕੱਲੀ!

ਨੰਗੀਆਂ ਇਲਵੰਡੀਆਂ ਬਰਫ਼ਾਂ
ਘੋਰ-ਉਚੇਰੇ,
ਸੂਰਜ ਦੀ ਮਰਦਾਵੀਂ ਛਾਤੀ ਛੋਹੀਆਂ,
ਛੋਹੀਆਂ ਤਾਂ ਬੁਕ-ਰੋਈਆਂ।
ਬੱਦਲਾਂ ਦੇ ਫਿਰਦੇ ਬੂਹੇ ਦੇ ਅੱਗੇ
ਸਿਰ ਨਹੁੜਾਇ ਖੜੀਆਂ,
ਡਾਣ-ਨਿਤਾਣੀਆਂ ਹੋਈਆਂ।
ਅੱਗੋਂ ਬੱਦਲ ਖਿੜ ਖਿੜ ਹੱਸਣ,
ਬੋਲ ਨਾ ਸੱਕਣ ਕਣੀਆਂ!

ਹਰ ਕਿਣਕਾ ਜਿਉਂ ਮਾਰੂਥਲ ਦਾ,
ਅਪਣੀ ਪਿਆਸ ਸਦੀਵੀ ਤੋਂ
ਅੱਜ ਜਾਣੂ ਹੋਇਆ।
ਜਾਣੂ ਹੁੰਦਿਆਂ,
ਜੀਵਨ ਵਾਂਗੂ,
ਫੁਟ ਫੁਟ ਰੋਇਆ!
ਫੁੱਲ ਨੇ ਭੇਦ ਬੀਜ ਦਾ

ਇਕਦਮ ਨੰਗਾ ਕੀਤਾ,
ਤੇ ਨਿਰਲੱਜਤਾ ਵਾਂਗ,
ਪੌਣ ਦੇ ਮੋਢੇ ਚੜ੍ਹਿਆ
ਘੁੰਮੇ।
ਕਿਉਂ ਜੋ ਅਪਣੇ ਆਪ ਨਾਲ ਹੁਣ ਸੋ ਨਹੀਂ ਸਕਦਾ
ਲਭਦਾ ਲਭਦਾ ਗੁੰਮੇ!

ਦਿਲ ਨੇ ਇਹ ਕੀ ਖੂਹਾ ਖੁਟਿਆ?
ਰੂਹ ਦੀ ਜੀਭ ਲਮਕਦੀ ਪਿਆਸੀ,
ਕੰਢੇ ਉਤੇ ਬੈਠੀ
ਅਪਣੀਆਂ ਬੇਵੱਸ ਡੂੰਘਾਣਾਂ ਨੂੰ ਵੇਖੇ,
ਤਰਸੇ, ਸਹਿਕੇ।
ਜੀਵਨ ਬਣਿਆ
ਠੂਠਾ,
ਡੋਰੀ
ਜਾਂ ਕੋਈ
ਪਹੀਆ।
ਜਿਵੇਂ ਭੇਦ ਜੀਵਨ ਦਾ ਸਾਰਾ
ਅੱਖਾਂ ਸਾਹਵੇਂ ਇਕਦਮ ਰੋਇਆ!
ਇਹ ਮੈਨੂੰ ਕੀ ਹੋਇਆ ?

ਹੇ ਸਾਜਨ, ਮੈਂ ਪ੍ਰੀਤ ਤੇਰੀ ਨੇ ਛੱਲੀ।
ਇਕਦਰ ਨਾਲ ਅਨੰਤਾਂ ਰਲੀ,
ਇਕਦਰ ਹੋਈ ਇਕੱਲੀ!

*****

## ਲੋਕਾਚਾਰ

ਹੇ ਦਿਲ, ਇਹ ਕੀ ਬਣੀਆਂ ?
ਅਪਣੇ ਅੱਗੇ ਅਪਣੀ ਬਿਰਥਾ ਆਖ ਨਾ ਸਕੀਏ,
ਖੋਲ੍ਹ ਨਾ ਸਕੀਏ ਰੂਹ ਦੀਆਂ ਤਣੀਆਂ!

ਦਿਲ ਦੀ ਕੋਈ ਪਾਲ ਪੜ੍ਹੀ ਨਾ ਜਾਵੇ,
ਸਿੱਧੀ।
ਗੱਲ ਕਰੀਏ,
ਤਾਂ ਅੱਧੀ ਅੱਧੀ।
ਅੱਥਰ ਘੁੱਟੇ ਘੁੱਟੇ।
ਅੱਖਰ ਟੁੱਟੇ ਟੁੱਟੇ।
ਤ੍ਰੇੜੇ ਸ਼ੀਸ਼ੇ ਵਾਂਗ ਪਤਾ ਨਾ ਲਗੇ
ਇਸ ਦਾ ਕਿਹੜਾ ਰੂਪ ਸਚੇਰਾ ?
'ਆਪ-ਆਪਣਾ' ਜਿਸ ਨੂੰ ਕਹੀਏ,
ਉਹ ਕਿਤਨਾ ਹੈ ਮੇਰਾ ?

ਮਨ ਭਾਵੇਂ ਵਸਦਾ ਏ ਦਿੱਲ ਦੇ ਵਿਹੜੇ,
(ਪਰ) ਬਹਿਣ ਨਾ ਇਕ ਦੂਜੇ ਦੇ ਨੇੜੇ।
ਬਿਟ ਬਿਟ ਤੱਕਣ,
ਬੋਲ ਨਾ ਸੱਕਣ,
ਕੇਵਲ ਭਰਦੇ ਹਾਂਈਂ।
ਜਿਵੇਂ ਅਸਾਡੇ ਵਰ੍ਹੇ ਮਹੀਨੇ,
ਵਸਦੇ ਕੋਲੇ ਕੋਲੇ,

ਭੇਦ ਨਾ ਦੱਸਦੇ ਇਕ ਦੂਜੇ ਨੂੰ
ਕੂੰਦੇ ਤੇ ਸਮਝਾਂਦੇ ਰਮਜ਼ਾਂ,
ਕੇਵਲ ਹੰਝੂਆਂ ਰਾਹੀਂ!

ਅੱਖੀਆਂ ਪਹਿਲਾਂ ਦਿਲ ਨੂੰ ਫਾਹੁਣ,
ਫਿਰ ਮਨ ਨੂੰ ਭਰਮਾਉਣ।
ਫਿਰ ਘੁੰਮਦੇ ਇਹ ਤਿੰਨ ਪੇਟ ਦੁਆਲੇ,
ਰੱਬ ਇਨ੍ਹਾਂ ਦਾ ਘੁੰਮਦਾ ਨਾਲੇ ਨਾਲੇ,
ਮਨ ਭਾਵੇਂ ਜਰੇ ਨਾ ਜਰੇ!
ਦਿਲ ਭਾਵੇਂ ਪੀੜ ਕਰੇ!

ਵਾਸ਼ਨਾ-ਭਰੀ ਜਗਤ ਦੀ ਨਾਰੀ-ਛਾਤੀ,
ਕੱਜੀ ਨਾਲ ਹਯਾਵਾਂ।
ਕ ਨਹੀਂ ਸਕਦੀ ਉੱਚਾ,
ਅਪਣਾ ਅੰਦਰ ਜੋ ਸੁਣ ਸਕੇ
ਰੂਹ ਦੀ ਵਿਥਿਆ ਸਾਰੀ।
ਤ੍ਰਹਿੰਦੀ, ਕਿ ਮਨ ਪਹਿਨ ਨਾ ਬੈਠੇ
ਦਿਲ ਦੀ ਰਤੜੀ ਚੋਲੀ,
ਅਤੇ ਅੰਤ ਸ਼ਰਮਾਵੇ ਤੇ ਧਿਤਕਾਰੇ;
"ਹਾਇ ਰਾਮ, ਮੈਂ ਕਿਤਨੀ ਆਲੀ ਭੋਲੀ!"

ਰੱਬ ਦੀ ਨੀਅਤ ਇਵੇਂ ਪਰਖੀਏ,
ਜਿਵੇਂ ਗਵਾਂਢੀ ਦੀ ਵਹੁਟੀ ਨੂੰ
ਦਿਸਦਾ ਹੈ ਰੱਬ ਜਨਮ-ਜਨਮ ਤੋਂ
ਦੂਜੇ ਉਤੇ ਤੁੱਠਾ। ਉਹਦੇ ਨਾਲੋਂ ਰੁੱਠਾ। 'ਜੋ ਬ੍ਰਹਮੰਡੇ, ਸੋਈ ਪਿੰਡੇ',
ਅੰਦਰ-ਬਾਹਰ ਓਹੀ ਪਸਾਰਾ।

ਕੁੱਟਣੀਆਂ, ਦਰਬਾਰੀ ਲੋਕਾਂ,
ਨਾਲ ਦਲਾਲਾਂ ਅਤੇ ਵਕੀਲਾਂ
ਭਰਿਆ ਅੰਦਰ-ਬਾਹਰ ਸਾਰਾ।

ਢਾਹੁਣ, ਉਸਾਰਨ, ਕਰਨ ਸਾਜ਼ਸ਼ਾਂ,
ਦੋਹਰੀ ਬਾਣੀ ਬੋਲਣ,
ਭੇਦ ਨਾ ਦੱਸਣ।
ਸਹਿਣ ਸੁਣਨ ਨਾ ਇਕ ਦੂਜੇ ਨੂੰ,
ਫਿਰ ਕੋਲੋ ਕੋਲੇ ਵੱਸਣ।

*****

## ਜੀਵਨ

ਹੇ ਜੀਵਨ,
ਤੂੰ ਪਿਆਰ ਵਾਂਗ ਕਿਉਂ ਆਇਆ?
ਬਤਿਆ ਬੜਿਆ,
ਉੱਡਦਾ ਉੱਡਦਾ,
ਹੱਸਦਾ ਤੇ ਪਛਤਾਇਆ।

ਕੀ ਤੱਤਾਂ ਨੇ ਘੁਸਮੁਸ ਕੀਤੀ ?
ਕੀ ਫੂਕੀ ਗੱਲ ਭੂਤ ਭਵਿੱਖ ਦੀ ਕੰਨੀਂ ?
ਜੋ ਕਿਧਰੇ ਨਾ ਮੁਕੇ, ਕਿਧਰੇ ਪਹੁੰਚੇ,
ਓਥੇ ਮੇਰੀ ਆਣ ਉਡਾਰੀ ਬੰਨ੍ਹੀ!

ਸਸਤਾਈਆਂ, ਘਿਓ-ਗੁਧੀਆਂ ਵਗਣ,
ਵਾਸ਼ਨਾ-ਭਰੀ ਹਵਾਈਂ।
ਜੋ ਪੰਛੀ ਪੀਵੇ, ਉੱਡ ਬੈਠੇ
ਪਛਤਾਵੇ ਦੀ ਡਾਲੀ।
ਜਿਉ ਸੁਪਨਾ ਸਭ ਭਰੇ ਖ਼ਿਲਾਆਂ,
ਅੰਦਰੋਂ ਰਹਿੰਦਾ ਖ਼ਾਲੀ।

ਜੋ ਕੁਝ ਵੀ ਮੈਂ ਘੜਿਆ,
ਗਿਆ ਉਸੇ ਤੋਂ ਫੜਿਆ!
ਫੱਲ, ਸੁੰਦਰੀ ਦੀਆਂ ਛਾਤੀਆਂ ਵਾਂਗੂ.
ਤੱਕੇ ਤੇ ਮੈਂ ਤਰੂਇਆ।
ਹੱਥ ਲਾਏ, ਤਾਂ ਛਾਂਈ ਮਾਂਈ,

ਡੁਲ੍ਹ ਗਏ ਨੈਣ-ਕਟੋਰੇ!
ਖੁਲ੍ਹੀ ਰਹਿ ਗਈ ਅੱਖ ਫ਼ਜਰ ਦੀ
ਅੰਬਰ ਕੋਰੇ ਕੋਰੇ!

ਮਨ ਖੋਲ੍ਹਾਂ, ਤਾਂ ਵਾਂਗ ਉਜਾੜਾ
ਘੁੰਮੇ।
ਜਿਉਂ ਖ਼ੁਸ਼ਬੂਈ ਭਰਦੀ ਹਾਵੇ,
ਜਦ ਕੋਈ ਉਸ ਨੂੰ ਚੁੰਮੇ!

ਨਿਤ ਗਊਆਂ ਦੇ ਵਾਂਗੂ.
ਰੂਹ ਵੀ ਚਰਦੀ
ਤੇ ਘਰ ਮੁੜਦੀ,
ਚੁੱਪ ਬੈਠੀ ਕਿੱਲੇ ਨੂੰ ਚੁੰਘਦੀ;
ਅਪਣਾ ਆਪ ਜੁਗਾਲੀ ਕਰਦੀ!

ਚੰਨ-ਤਾਰੇ ਤੇ ਨੀਲੇ ਸੂਰਜ,
ਪੀੜ-ਭਰੀ ਧਰਤੀ ਨੂੰ ਲੋਰੀ ਦੇਂਦੇ!
ਦਿਲ ਇਕ ਦਰਦ ਪੁਣੇਂਦਾ, ਪੀਂਦਾ.
ਸਭ ਰੁਸ਼ਨਾਈਆਂ ਰੰਗੇ;
'ਪੀੜ-ਪੀੜ' ਵੀ ਕੂਕੇ,
ਹੋਰ ਹੋਰ ਵੀ ਮੰਗੇ!

ਮਿੱਠੇ ਝੂਠ ਬੋਲਣੇ, ਰੂਹ ਪਰਚਾਣੀ,
ਬਿਨਾਂ ਜੀਣ ਦੇ, ਜੀਵਨ ਜੀਊਂਦਾ ਰਖਣਾ!
ਬਾਹਰੋਂ ਅੱਖੀਆਂ ਠੰਢੀਆਂ ਠੰਢੀਆਂ,
ਅੰਦਰੋਂ ਦਿਲ ਦਾ ਭਖਣਾ!
ਮਨ ਦੇ ਦਿਲ ਤੋਂ ਭੇਦ ਛੁਪਾਣੇ,

ਦਿਲ ਦਾ ਮਨ ਤੋਂ ਆਕੀ ਹੋਣਾ।
ਰੂਹ ਦਾ ਤਾਕਤ ਦੀਆਂ ਉਂਗਲਾਂ ਦੇ ਅੱਗੇ
ਛਾਤੀ ਤਾਣ ਖਲੈਣਾ।

ਐਸੀ ਦਿੱਤੀ ਕਾਇਆਂ,
ਜੋ ਮੈਲੀ ਹੋਵੇ ਹੱਥ ਲਾਇਆਂ!
(ਪਰ) ਇਉਂ ਆਵੇ ਜਿਉਂ ਜਾਣਾ ਚਾਹਵੇ,
ਲੰਘੇ ਬਿਨਾਂ ਲੰਘਾਇਆਂ!
ਸੱਪਣੀ ਵਾਂਗੂ ਸੁਹਣੀ,
ਮਨ ਮੈਂਹਦੀ ਤੇ ਕੇਂਹਦੀ!
ਜਿਉਂ ਛਹਿਕੀ ਘੁੱਗੀ ਦੀਆਂ
ਸੁਪਨ-ਕੂਲੀਆਂ ਖੰਭੀਆਂ!
ਜਿਉਂ ਪਿਛ-ਕੀਤੇ ਹਿਰਨੋਟੇ ਦੀਆਂ
ਅੱਥਰੂ-ਭਰੀਆਂ, ਨਰਗਸ-ਅੱਖੀਆਂ!

ਹੇ ਰੰਗੋ,
ਹੇ ਮੋਰ-ਨ੍ਰਿਤ ਦੇ ਅਨਿਕ ਤ੍ਰੰਗੋ;
ਹੇ ਘੜੀਓ,
ਜੋ ਆਂਦੀਆਂ ਜਾਂਦੀਆਂ ਤੇ ਤਰਸਾਂਦੀਆਂ
ਪਰੀ-ਦੇਸ਼ 'ਚੋਂ ਲੰਘੋ!
ਹੇ ਬਰਫ਼ਾਨੀ ਚੋਟੀਓ
ਜੋ ਅਸਮਾਨਾਂ ਤੋਂ ਸਰਦ-ਉਚਾਈਆਂ ਮੰਗੋ!
ਹੇ ਪੀੜੋ, ਹੇ ਜੀਵਨ-ਪੀੜੋ,
ਜਿਸ ਨੂੰ ਛੋਹੋ,
ਮਿੱਠੜਾ-ਮਿੱਠੜਾ ਡੰਗੋ!

******

## ਅੱਗੇ ਅੱਗੇ ਤੁਰਦੀ ਜਾਵਾਂ

(1)

ਅੱਗੇ ਅੱਗੇ ਤੁਰਦੀ ਜਾਵਾਂ
ਪੱਛੀ ਚੁੱਕ ਸਰੀਰ ਦੀ!
ਨਾ ਜਾਣਾ ਕਿਉਂ ਵਾਂਗ ਉਕਾਬਾਂ,
ਜਿੰਦ ਸਮੇਂ ਨੂੰ ਚੀਰਦੀ!
ਪਿੱਛੇ ਨਾਲ ਬੱਧੀ ਏ ਪੱਛੀ,
ਚੁੱਕਾਂ ਕਦਮ ਭਵਾਨ ਦਾ!
ਅੱਗੋਂ ਦਿਸੇ ਖ਼ਿਲਾਅ ਦੀ ਛਾਤੀ
ਪਿੱਛੋਂ ਛਣਕ ਜ਼ੰਜੀਰ ਦੀ!

(2)

ਅੱਧ-ਸੁੱਤੇ ਪੋਟਿਆਂ ਨਾਲ ਟੋਹਾਂ,
ਵਿਚ ਪਟਾਰੀ ਦੇ ਵੰਗੜੀਆਂ!
ਨਾ ਪਾਵਾਂ, ਨਾ ਛੱਡੀਆਂ ਜਾਵਣ,
ਜਿਉਂ ਬੀਤੀਆਂ ਯਾਦਾਂ ਅੱਥਰੀਆਂ!
ਇੱਕੋ ਹੁਝਕੇ ਛਾਲ ਮਾਰ ਕੇ,
ਟਪਣਾ ਚਾਹਾਂ ਜੀਣ ਦੀ ਖਾਈ;
ਪਰ ਡਰਦੀ ਟੁੱਟ ਵੈਸਣ ਵੰਗਾਂ
ਮਾਂ-ਰਾਣੀ ਦੀਆਂ ਦਿਤੜੀਆਂ!

*****

## ਰੱਬੀ ਲੀਲ੍ਹਾ

ਜਦੋਂ
ਰਾਤ ਦੀ ਰਾਣੀ
ਜਵਾਨ ਹੁੰਦੀ ਹੈ
ਤੇ ਕੋਈ ਅਸਮਾਨੀ ਫਰਿਸ਼ਤਾ, ਨਸ਼ੇ-ਚੂਰ ਹੋਇਆ,
ਉਸ ਦਾ ਸੱਤ ਭੰਗ ਆਣ ਕਰਦਾ ਹੈ, ਚੋਰੀ ਚੋਰੀ,
ਤੇ ਮਰਦਾਂਵਾਂ ਸੂਰਜ
ਆਪਣੇ ਪੈਰ ਠੰਢੇ-ਸੇਕਦਾ ਹੈ
ਆਪਣੇ ਹੀ ਅੰਦਰ ਬਲਦੀਆਂ
ਸਰਤ-ਰਿਤੂ ਦੀਆਂ ਬੇ-ਹਿੱਸ, ਬੇਵਸ ਅੰਗੀਠੀਆਂ ਸਾਹਮਣੇ ਤਣਿਆ
ਅਤੇ ਜਦੋਂ
ਮਨੁੱਖ ਨੂੰ ਮਨੁੱਖ ਦੀ ਲੋੜ ਨਹੀਂ ਹੁੰਦੀ
ਆਪਣਾ ਦਿਲ ਗਰਮਾਣ
ਜਾਂ ਆਪਣੀ ਪੀੜ ਜਿਤਲਾਣ ਲਈ,
ਤੇ ਜਦੋਂ
ਸ਼ੁੱਭ ਤੇ ਅਸ਼ੁੱਭ ਗ੍ਰਹਿਆਂ ਦਾ ਮੇਲ ਹੁੰਦਾ ਹੈ
ਡੁਬਦੇ, ਅਨੰਤ ਸੂਰਜਾਂ ਦੇ ਘੁਸਮੁਸੇ ਹਨੇਰੇ ਵਿਚ
ਓਦੋਂ ਮੇਰਾ ਜਨਮ ਹੋਇਆ
ਇਕ ਗੋਇਲ-ਵਾਸੇ ਦੇ ਪਿਛਲੇਰੇ ਅੱਧ ਵਿਚ
ਅਨਘੜੇ ਪੱਥਰਾਂ ਦਾ ਜੋ ਸੀ ਬਣਿਆ
ਤੇ ਢਿੱਲੀ ਆਤਮਾ ਦੇ ਚਿੱਕੜ ਨਾਲ
ਜੋ ਸੀ ਗਿਆ ਸਾਧਿਆ
ਤੇ ਜਿਸ ਨੂੰ ਥੰਮ੍ਹਿਆ ਹੋਇਆ ਸੀ,
ਇਕੱਲਿਆਂ, ਨਿਆਸਰੇ ਹੁੰਦੇ ਜਾਣ ਦੀ
ਕਿਰ ਕਿਰ ਪੈਂਦੀ ਇਕ ਬੁੱਢੀ ਚੁੰਮ੍ਹਣੀ ਨੇ

ਖ਼ਾਨਦਾਨ ਦੇ ਪ੍ਰੋਹਤ ਨੇ
ਕਾਂਸ਼ੀ-ਰੰਗੀ, ਕਾਲੀ-ਭੂਰੀ, ਚੁੜੀ-ਝੁਰੜਾਈ
ਭੋਜ-ਪੱਤਰ ਉਤੇ ਲਿਖੀ ਇਕ ਬਿੰਧੀ ਲਿਖਤ ਵਿਚੋਂ
ਵਾਚਿਆ ਸੀ ਇਕ ਲੇਖ-
ਜੋ ਕਿ ਦੂਰ, ਧੁਰ-ਅਜ਼ਲਾਂ ਤੋਂ ਹੀ ਲਿਖਿਆ ਪਿਆ ਸੀ
ਜੀਵਨ ਦੇ ਹਾਸ਼ੀਏ ਉਤੇ,
ਤੇ ਆਖਿਆ ਸੀ ਉਸ ਨੇ ਸ਼ਾਂਤ ਤੇ ਅਡੋਲ ਜਿਹਾ
ਮੂੰਹ ਬਣਾ ਕੇ, ਕੁਝ ਅੰਦਰਲੀ ਬੇਚੈਨੀ ਨਾਲ ਪਾਟਿਆਂ,
"ਨਵਾਂ ਜਨਮ ਜਾਂ ਤਾਂ ਹੈ ਕਿਸੇ
ਚਿੰਤਾਤੁਰ ਸ਼ਹਿਨਸ਼ਾਹ ਦਾ ਤੇ ਜਾਂ
ਕਿਸੇ ਵਚਿੱਤ੍ਰ ਤੇ ਅਲੋਕਾਰ ਤਿਆਗੀ ਦਾ।
ਅਜੇਹੇ ਭਾਗਵਾਨ ਤੇ ਆਸ਼ਾ-ਜਨਕ ਸਿਤਾਰੇ ਹਨ ਜੁੜੇ ਹੋਇ
ਅਜੇਹੇ ਅਭਾਗੇ ਤੇ ਨਿਰਲੱਜ ਗ੍ਰਹਿਆਂ ਨਾਲ!"
"ਧੋਤਾ ਹੋਇਆ ਆਤਮਾ ਦੇ ਪਾਣੀਆਂ ਨਾਲ,
ਪੀੜ ਉਤੇ ਦਰਦਿੰਦਾ,
ਮਨੁੱਖ ਦੀਆਂ ਸਾਰੀਆਂ ਕਮਜ਼ੋਰੀਆਂ ਉਤੇ ਡੁਲ੍ਹਦਾ,
ਇਹ ਮਨੁੱਖ
ਫੇਰ ਵੀ ਆਪਣਾ ਨਾਂਉਂ ਰੋਸ਼ਨ ਕਰੇਗਾ!
ਭਾਵੇਂ ਛੱਡ ਕੁਝ ਨਾ ਜਾਸੀ ਇਹ ਪਿੱਛੇ, ਮੋਇਆਂ
ਜਾਂ ਮਰਨ ਵਾਲਿਆਂ ਦੀ ਪੀੜ-ਪਛਾਣ ਲਈ।"

ਪਿਤਾ ਸੀ ਕਿ ਹਰ ਹੁਨਰ ਵਿਚ ਪਰਬੀਨ--
ਜੜ੍ਹੀਆਂ ਬੂਟੀਆਂ, ਤਵੀਤਾਂ, ਜੰਤਰਾਂ-ਮੰਤਰਾਂ ਤੇ ਉਨ੍ਹਾਂ ਸਾਰੀਆਂ ਮਨੌਤਾਂ ਵਿਚ ਵਿਸ਼ਵਾਸ ਰਖਦਾ
ਜਿਹੜੀਆਂ ਮਨੁੱਖ ਨੂੰ ਉਸ ਦੇ ਕਾਰ-ਵਿਹਾਰ ਦੇ ਬਾਵਜੂਦ

ਜੀਉਂਦਾ, ਤੇ ਆਤਮਾ ਨੂੰ ਸਾਬਤ-ਸਬੂਤ ਰਖਦੀਆਂ ਹਨ,
ਜਿਵੇਂ ਉਹ ਵੀ ਕੋਈ ਕਿਸੇ ਭਗਤ-ਹੀਣ ਮੰਦਰ ਦੀ ਸੋਈ ਹੋਈ ਮੂਰਤੀ ਹੋਵੇ!
ਅਤੇ ਮਾਂਉਂ ਸੀ
ਜਿਵੇਂ, ਕੋਈ ਦੁੱਧਲੀ ਗਊ
ਤੇ ਜਿਸ ਨੂੰ ਕੇਵਲ ਇੱਕੋ ਸ਼ਬਦ ਉਸ ਦੇ ਵਡਿੱਕਿਆਂ ਨੇ ਸਿਖਾਇਆ ਸੀ,
"ਦੇਣਾ।"

ਖੰਡ ਚੜ੍ਹਾਈ ਗਈ ਨਵੇਂ ਚੰਨ ਨੂੰ
ਤੇ ਨਾਲੇ ਅਣਗਿਣਤ ਕੀੜੀਆਂ ਨੂੰ,
ਅਤੇ ਚਿੱਟੀਆਂ ਚਿੜੀਆਂ ਨੂੰ
ਕੰਜਕਾਂ ਬਿਠਾਇਆ ਗਿਆ, ਕਿਉਂਜੁ
ਉਹ ਬੇਸਹਾਰਾ ਤੇ ਮਸੂਮ ਸਨ,
ਅਤੇ ਸੱਪਾਂ ਨੂੰ ਦੁੱਧ ਪਿਆਇਆ ਗਿਆ। ਕਿਉਂਜੁ ਉਹ
ਪਿਛੋਂ-ਕੰਡੀ 'ਤੇ ਬੇਮਲੂਮਾ ਵਾਰ ਆਣ ਕਰਦੇ ਸਨ,
ਮਾਰੂ ਤੇ ਕਾਟਵਾਂ।
ਇਕ ਪੱਕੀ ਮਿੱਟੀ ਦੀ ਕੋਰੀ ਡੋਲੀ, ਤੇ ਨਾਲ
ਇਕ ਚਾਵਲਾਂ ਦੀ ਬੁਚਕੀ ਵੀ, ਇਕ ਪਹੁੰਚੇ ਹੋਇ
ਫ਼ਕੀਰ ਦੇ ਗਲ ਬੱਧੀ ਗਈ ਸੀ,
ਤਾਂ ਜੁ ਉਹ ਪਿੱਪਲ ਉਤੇ ਬੈਠੇ ਜੀਵ-ਜੰਤੂਆਂ ਨਾਲ
ਵੰਡ ਕੇ ਉਸ ਨੂੰ ਭੋਗ ਸਕੇ,
ਜਿਸ ਚਿਰ-ਜੀਵੇ, ਘਣ-ਛਾਂਵੇ ਤੇ ਗੋਹਲਾਂ-ਭਰੇ
ਭਾਗਵਾਨ ਬ੍ਰਿਛ ਹੇਠ ਬੈਠ ਕੇ,
ਉਹ ਲੋਕਾਂ ਨੂੰ ਵਰ-ਸਰਾਪ ਦੇਂਦਾ, ਗਹਿਕਦਾ,
ਤੇ ਆਪਣੇ ਪਾਲਣਹਾਰ ਗ੍ਰਹਿਸਤੀਆਂ ਦੀ ਜੀਵਨ-ਚਾਲ ਉਤੇ
ਨੋਕ-ਟੋਕ ਤੇ ਮਸ਼ਕਰੀਆਂ ਕਰਦਾ ਰਹਿੰਦਾ ਸੀ!

ਅਤੇ ਇਕ ਪਵਿੱਤਰ ਜਨੇਊ
ਵੇਦ ਦੀ ਬ੍ਰਹਮ ਤੇ ਸੁੱਚੀ ਬਾਣੀ ਜਿਸ ਉਤੇ ਫੂਕੀ ਗਈ ਸੀ,
ਇਕ ਅਤਿ ਬੁੱਢੇ ਬ੍ਰਿਛ ਦੀ ਸਭ ਤੋਂ ਵਧੀਕ ਲੰਮੀ ਟਾਹਣੀ
ਨਾਲ ਵੀ ਬੱਧਾ ਗਿਆ ਸੀ,
ਇਕਮਸਾਣ ਦੇ ਨੇੜੇ,
ਜਿੱਥੇ ਮੋਇਆਂ ਨੂੰ,
ਜੀਉਂਦਿਆਂ ਦੇ ਸਾਹਮਣੇ
ਉਨ੍ਹਾਂ ਦੀਆਂ ਸਾਰੀਆਂ ਬਦਬੂਆਂ ਦੇ ਸਮੇਤ ਜਾਲਿਆ ਜਾਂਦਾ ਹੈ!

ਇਕ ਨਵਾਂ ਅਨੁਘੜਿਆ ਪੱਥਰ
ਉਸ ਉੱਚੇ ਟਿੱਬੇ ਉਤੇ ਹੋਰ ਜੋੜਿਆ ਗਿਆ
ਜਿੱਥੇ ਜੀਵਨ ਦੀ ਗੱਪ-ਬਾਜ਼ੀ
ਨਿਤ ਉੱਚੀ ਉੱਚੀ ਹਿਣਕਦੀ ਹੈ।
ਅਤੇ ਪਿੰਡ ਦੇ ਚੋਰਾਹੇ ਵਿਚ (ਜੀਵਨ ਦੀਆਂ ਸਾਰੀਆਂ ਜੀਉਂਦੀਆਂ ਬਲਾਂਵਾਂ ਨੂੰ ਦੂਰ ਰਖਣ ਲਈ)
ਕੱਖਾਂ ਦੀ ਅੱਗ ਵੀ ਬਾਲੀ ਗਈ,
ਤੇ ਮੰਦਰ ਵਿਚ ਸੰਖ ਵੀ ਪੂਰਿਆ ਗਿਆ,
ਤੇ ਪ੍ਰੋਹਤਾਂ ਨੂੰ ਭੋਜਨ ਵੀ ਛਕਾਇਆ ਗਿਆ,
ਉਹਨਾਂ ਦੇ ਪਵਿੱਤ੍ਰ ਅਥਰੂਆਂ ਦੇ ਕਾਰਨ
ਜੋ ਉਹ ਹਰ ਦੁਖ ਸੁਖ ਸਮੇਂ, ਨਿਰਯਤਨ
ਵਹਾ ਕੇ, ਜੀਵਨ ਦੇ ਰਾਹੀਆਂ ਨੂੰ ਚਕ੍ਰਿਤ ਕਰਦੇ ਰਹਿੰਦੇ ਸਨ!
ਅਤੇ ਹਰ ਉਸ ਰਾਹ-ਗੁਜ਼ਰੂ ਨੂੰ
ਮਿਸਰੀ ਦਾ ਗੁਲਾਬੀ ਸ਼ਰਬਤ ਵੀ ਘੋਲ-ਪਿਲਾਇਆ ਗਿਆ
ਜਿਹੜਾ ਸਾਡੇ ਬੂਹੇ ਆਣ ਨਿਉਂਦਾ ਸੀ, ਜਿਵੇਂ ਆਖਦਾ ਹੋਵੇ;
"ਇਕ ਨਵੀਂ ਮੌਤ ਨੂੰ ਸਾਡੀ ਵੀ ਪਰਣਾਮ ਹੋਵੇ!"

ਮਾਤਾ ਦਾ ਦੁੱਧ ਪੀਤਾ ਤਾਂ ਮਾਤਾ ਨਿਕਲੀ!
ਧਰਮ-ਪੋਥੀਆਂ ਦੀ ਅਲਫ਼-ਬੇ ਸਿਖੀ, ਤਾਂ ਮਰੋੜ ਲਗੇ!

ਦੌੜਿਆ ਮੈਂ ਪਹਿਲਾਂ, ਤੁਰਿਆ ਪਿਛੋਂ,
ਅਤੇ ਦੰਦੀਆਂ ਪੱਕੀਆਂ ਕਢੀਆਂ, ਮੋਟੀਆਂ
ਸੋਟੀਆਂ ਨੂੰ ਟੁਕ ਟੁਕ, ਜਾਂ ਆਪਣੇ ਰਸ-ਭਰੇ
ਅੰਗੂਠੇ ਨੂੰ ਚੂਸ ਰੂਸ। ਪਤਾ ਨਹੀਂ
ਬੇਰਸੀਆਂ ਵਿਚੋਂ ਮੈਨੂੰ ਦੇਸ ਵੇਲੇ ਰਸ ਕਿਵੇਂ ਪਿਆ ਆਉਂਦਾ ਸੀ?
ਮੈਂ ਹਰ ਉਸ ਵਸਤੂ ਨਾਲ ਖੇਡਿਆ ਜੀ-ਪਰਚਾਇਆ,
ਜਿਸ ਨਾਲ ਮੇਰੇ ਵਡਿੱਕਿਆਂ ਨੇ ਜੁਗਾਂ ਜੁਗਾਂ ਤੇ
ਸਾਂਝ ਪਾ ਰਖੀ ਸੀ-
-ਗਿੱਲੀ ਰੇਤ ਦੇ ਮਹਿਲ ਪਏ ਉਸਾਰਨੇ ਜਦੋਂ ਹੜ੍ਹ
ਚੜ੍ਹਨਾ ਤਾਂ ਆਪਣੀ ਕਾਗਜ਼ੀ ਬੇੜੀ ਉਸ ਵਿਚ ਅਤੇਲ ਠੇਲ੍ਹ ਦੇਣੀ,
ਖਿਡੌਣਿਆਂ ਨੂੰ ਮਨੁੱਖ ਜਾਣਨਾ ਤੇ ਪਿਆਰਨਾ, ਪਰੀ ਤੇ ਜਾਦੂ-
ਕਹਾਣੀਆਂ ਉਤੇ ਰੀਝਣਾ, ਸ਼ਰਤਾਂ ਲਾਣੀਆਂ ਝੂਠੀਆਂ,
ਬਿਦ ਬਿਦ; ਜਨੌਰਾਂ ਨੂੰ ਪਿਆਰਨਾ ਤੇ ਸਮਝਣਾ ਕਿ
ਜਿਵੇਂ ਉਹ ਵੀ ਨੀਤੀ-ਬਚਨ ਉਚਾਰਦੇ ਹੋਣ; ਕੌਡੀਆਂ ਨੂੰ
ਹੀਰਿਆਂ-ਹਾਰ ਸਾਂਭ ਸਾਂਭ ਰਖਣਾ; ਤੇ ਫਿਰਨੀਆਂ,
ਫਿਰਕੀਆਂ ਦੀ ਭੁਆਂਟੀ ਵੇਖ ਚਕ੍ਰਿਤ ਪਏ ਹੋਣਾ,
ਜਿਨ੍ਹਾਂ ਦਾ ਕੰਮ ਹੀ ਘੁੰਮਣਾ ਤੇ ਘੁਮਾਉਣਾ ਹੈ!
ਨਵੇਂ ਨਵੇਂ ਸਿਰਟੋਪ ਪਹਿਨਣੇ ਤੇ
ਵੰਨ-ਸਵੰਨੀਆਂ ਨਾਟਕੀ ਝਾਕੀਆਂ ਵੇਖਣੀਆਂ
ਵਿਖਾਉਣੀਆਂ, ਜਿਵੇਂ ਜੀਵਨ ਵੀ ਨਿਪਟ ਕੋਈ ਨਾਟ-ਸ਼ਾਲਾ ਹੋਵੇ!
ਬੁੱਝੀਆਂ ਬੁਝਾਰਤਾਂ ਉਤੇ ਹਰਾਨ ਪਏ ਹੋਣਾ; ਸ਼ਾਦੀਆਂ ਰਚਾਣੀਆਂ

ਕੂੜ ਮੂੜ, ਪਿਆਰ ਕਰਨਾ ਤੇ ਝਟ ਉਸ ਦਾ ਮੁੱਲ ਪਏ ਮੰਗਣਾ।
ਤੇ ਹਾਸੇ-ਰੋਸੇ ਦੇ ਅੱਥਰੂ ਵਹਾਣੇ; ਤੇ ਇਹ ਮੈਂ ਕੀਤਾ ਠੀਕ ਤਦੋਂ ਤੀਕ

ਜਦੋਂ ਤੀਕ ਉਨ੍ਹਾਂ ਦੇ ਧੁਰ-ਅੰਦਰ ਮੈਂ ਨਹੀਂ ਸੀ ਕਿਆ, ਤੇ
ਤ੍ਰੈਭਕ ਕੇ ਕੂਕਿਆ, ਕੁਰਲਾਇਆ;
"ਹਾਇ, ਇਹ ਤਾਂ ਨਿਰੀ ਪੀੜ ਹੀ ਪੀੜ ਹੈ"!

ਮਾਪਿਆਂ ਨੇ ਚਾਂਈਂ ਚਾਈਂ ਪੜ੍ਹਨੇ ਪਾਇਆ।
ਛੇਤੀ ਹੀ ਮੇਰੀ ਸਾਰੇ ਦੇ ਸਾਰੇ ਸੁੱਕੇ, ਟੁੰਡੇ ਤੇ ਟੇਢੇ
ਅੱਖਰਾਂ ਨਾਲ ਜਾਣ-ਪਛਾਣ ਹੋ ਗਈ, ਜਿਨ੍ਹਾਂ ਤੋਂ
ਸਾਰੇ ਸ਼ਬਦ ਬਣਦੇ ਹਨ ਤੇ ਜਿਨ੍ਹਾਂ ਨੂੰ
ਫੇਰ ਮੈਂ ਵਟਾਉਣਾ ਸਿਖਿਆ ਆਂਕੜਿਆਂ ਵਿਚ,
ਫੇਰ ਚਿੰਨ੍ਹਾਂ ਵਿਚ, ਮੁੜ ਮੂਰਤਾਂ ਤੇ ਸਿਧਾਂਤਾਂ ਵਿਚ,
ਜਿਹੜੇ ਅੰਤ-ਕਾਲ ਨੂੰ ਘੁਲਮਿਲ ਜਾਂਦੇ ਹਨ
ਆਪਣੇ ਮੂਲ-ਆਦਰਸ਼ਾਂ ਤੇ ਮਨੋਰਥਾਂ ਦੀ
ਮੜ੍ਹੀ ਦੀ ਕਿਸੇ ਸਿਲਾ-ਲਿਖਤ ਵਿਚ,
ਜਿਹੜੀ ਸਿੱਧੀ-ਤੀਰ, ਬੇ-ਛਾਂਵੇਂ,
ਕਿਸੇ ਸਰੂ ਦੇ ਬੂਟੇ ਹੇਠ,
ਇਕੱਲੀ ਤੇ ਉਦਾਸ ਖੜੋਤੀ,
ਉਡੀਕਦੀ ਰਹਿੰਦੀ ਹੈ, ਜੁਗਾਂ ਜੁਗਾਂ ਤੀਕ,
ਕਿਸੇ ਅਚੇਤ ਰਾਹੀ ਦੀ ਪੈੜ ਨੂੰ!

ਆਪਣੇ ਭੀੜੇ ਜਿਹੇ ਤੇ ਬੇਨੂਰ
ਘਰ ਦੇ ਸੱਥਰ ਉਤੇ, ਬੂਹੇ-ਬੰਦ ਬੈਠਾ,
ਮੈਂ ਇਕੱਲਾ, ਦੁਨੀਆਂ ਦੇ ਪਹਾੜ ਤੇ ਪਹਾੜੇ,

ਦਰਿਆਂਵਾਂ ਤੇ ਥਲ-ਮੈਦਾਨਾਂ, ਹਵਾਂਵਾਂ ਤੇ ਧਰਤ-ਅਕਾਸ਼ਾਂ ਦੀਆਂ
ਖ਼ਸਲਤਾਂ, ਯਾਦ ਕਰਦਾ ਰਹਿੰਦਾ-
ਚੰਨ ਸੂਰਜ ਤੋਂ ਉਧਾਰ ਲੈਂਦਾ ਹੈ, ਪਰ ਮੋੜਦਾ ਨਹੀਂ!
ਠੰਢੇ-ਠਾਰ ਦਿਸਦੇ ਤਾਰੇ ਵੀ ਅੰਦਰੋਂ ਬਲਦੇ ਸੂਰਜ ਹਨ!
ਦੁਨੀਆਂ ਉਤੇ ਉੱਗਦਾ ਸਭ ਕੁਝ ਹੈ, ਪਰ ਮਿਲਦਾ ਹੈ ਕਿਸੇ ਕਿਸੇ ਨੂੰ!
ਸੂੰਨਯ ਨਾਲ ਧਰਤੀ ਦਾ ਸਾਰਾ ਕਾਰ-ਵਿਹਾਰ ਤੁਰਦਾ ਹੈ!
ਦਿਨ ਪਿਛੇ ਰਾਤ ਅਵੱਸ਼ ਪੈਂਦੀ ਹੈ ਤਾਂ ਜੁ ਦਿਨੇ ਜੋ ਅਸੀਂ
ਨਾ ਉਸਾਰ ਸਕੀਏ। ਉਹ ਰਾਤ ਦੀ ਨੰਗੀ ਚਾਦਰ ਓੜ੍ਹ ਕੇ
ਨਿਸਾਰੀਏ, ਤੇ ਜੋ ਕੁਝ ਉਸਾਰਿਆ ਹੋਵੇ। ਉਸ ਦੀ ਨਮੋਸ਼ੀ ਦਾ ਥਕੇਵਾਂ
ਕਿਸੇ ਝੂਠੇ ਸੁਪਨ ਦੀ ਮਦਹੋਸ਼ੀ ਵਿਚ ਗੁੰਮ ਕੇ
ਜਾ ਉਸਲਵੱਟ ਖਾ ਕੇ ਮਸਲ ਦਈਏ!

ਖੇਡ ਸੀ, ਕਿ ਮੇਰੇ ਲਈ ਮੁਸ਼ੱਕਤ ਦਾ ਮੈਦਾਨ ਸੀ?
ਸਕੂਲ ਸੀ ਕਿ ਕੋਈ ਲੌਹਾਰ ਦੀ ਭੱਠੀ?
ਘਰ ਸੀ, ਕਿ ਕੋਈ ਜੀਵਨ ਦਾ ਪਿਛਵਾੜਾ?
ਇਕ ਮਾਂ ਸੀ ਜੋ ਹਰ ਵੇਲੇ ਘੁਰਦੀ ਨਾਲੇ
ਦਮ-ਬ-ਦਮ ਮੇਰੇ ਲਈ ਪ੍ਰਾਰਥਨਾ ਕਰਦੀ ਤੇ ਰੋਂਦੀ। ਤੇ ਇਕ ਬਿੰਧਾ, ਗੰਢਿਆ ਤੇ ਯਤੀਮ
ਜਿਹਾ
ਮੇਰਾ ਬਿਸਤ੍ਰਾ ਸੀ। ਤਰ੍ਹਾਂ ਤਰ੍ਹਾਂ ਦੀਆਂ
ਵਾਸ਼ਨਾਂ ਨਾਲ ਭਰਿਆ, ਤੇ ਜੋ ਹਰ ਵੇਲੇ ਸੀ
ਮੈਨੂੰ ਤਰਸ-ਭਾਵਨਾ ਨਾਲ ਤਾੜਦਾ ਤੇ ਉਡੀਕਦਾ ਰਹਿੰਦਾ!

ਤਾਂਹੀਏ ਜੇ ਏਕਾ ਏਕ
ਮੇਰੀ ਨਜ਼ਰ, ਕਿਸੇ ਜਵਾਨ ਹਿੱਕ ਵਾਂਗ, ਆਣ ਉਹਦੇ ਉਤੇ ਡਿੱਗੀ!
ਓਹ ਖੜੋਤੀ ਸੀ ਕੇਵਲ ਆਪਣੇ ਪਹਿਲੇ ਪਵਿਤ੍ਰ ਨੰਗੇਜ ਵਿਚ ਕੱਜੀ

ਜਿਵੇਂ ਕੋਈ ਸੁੱਚਾ, ਚਿੱਟਾ ਵਾਸ਼ਨਾ ਦਾ ਸੁਪਨਾ ਹੋਵੇ!
ਤੇ ਮੈਂ ਕੰਬਿਆ, ਰੂਹ ਤੀਕ ਤੇ ਕੁਰਲਾਇਆ,
ਰੂਪ ਦੀ ਇਸ ਕੰਵਾਰੀ, ਮੁਸ਼ਕੀ ਗੰਦਲ ਨੂੰ
ਇੰਜ ਪਹਿਲੀ ਵੇਰ ਦੁੱਧ ਵੰਡਦਾ ਵੇਖ ਕੇ!
ਤੇ ਜੋ ਕੁਝ ਵੀ ਮੈਂ ਯਾਦ ਕੀਤਾ ਸੀ,
ਘਰ ਵਿਚ ਜਾਂ ਸਕੂਲ ਵਿਚ. ਭੁੱਲਿਆ
ਏਸ ਵਾਸਤਵ ਦੇ ਕਚ-ਸਚ ਨੂੰ ਆਤਮਾ ਨਾਲ ਪਰਨਾੱ ਕੇ!

ਹੇ ਅਣ-ਵੇਖੀ ਪੰਜਾਲੀ! ਹੇ ਅਦਿੱਖ ਤੌਂਕ ਤੇ ਹੱਸਦੀਓ ਬੇੜੀਓ!
ਹੁਣ ਮੈਨੂੰ ਸਭ ਕੁਝ ਓਪਰਾ ਓਪਰਾ ਕਿਉਂ ਭਾਸਦਾ ਹੈ ? ਉਹ ਵੀ,
ਜਿਹਨੂੰ ਮੈਂ ਜਾਣਦਾ ਸੀ ਤੇ ਉਹ ਵੀ ਜਿਸ ਨੂੰ
ਮੈਂ ਕਦੀ ਵੀ ਨਹੀਂ ਜਾਣ ਸਕਾਂਗਾ!

ਰਸੀਆ-ਦਿਲ ਹੁਣ ਫੁੱਲਾਂ ਨੂੰ ਆਪਣੀ ਰਤੀ, ਧੜਕਦੀ ਛਾਤੀ ਦੀ
ਮੁੱਠੀ ਵਿਚ ਨਪੀੜ ਨਪੀੜ ਘਤਦਾ ਹੈ। ਉਨ੍ਹਾਂ ਦੀ ਖ਼ੁਸ਼ਬੂਈ ਸਾਰੀ
ਅੰਦਰ ਆਪਣੇ ਸਿੰਜਰਣ, ਰਚਾਣ ਲਈ। ਅੰਗੂਰ ਤੱਕ ਰਹੇ ਹਨ
ਭੱਠੀ ਉਤੇ ਚੜ੍ਹਨ ਲਈ ਕਿ ਮੈਂ ਉਨ੍ਹਾਂ ਦੀ ਨਸ਼ਿਆਲੀ ਪੀੜ
ਪੀ ਕੇ ਭੁੱਲ ਜਾਵਾਂ ਜੋ ਕੁਝ ਵੀ ਮੈਂ ਤੁਲਾ ਸਕਦਾ ਹਾਂ!
ਮਧੂ-ਮੱਖੀ ਫੁੱਲਾਂ 'ਚੋਂ ਮਧੂ ਕਿਣਕਿਆਂ ਦੀ ਕੋਰੀ ਵਿਸ
ਇਕੱਠੀ ਕਰ ਰਹੀ ਹੈ! ਤਿਤਲੀ ਨੇ ਬੇਹਰ ਦੇ ਕੰਡੇ ਉਤੇ
ਆਪਣੇ ਖੰਭਾਂ ਦੀ ਕੂਲੀ ਛਾਤੀ ਆਣ ਡਾਹੀ ਹੈ। ਪਿਆਰ ਦਾ
ਸਹਿਜ ਮਾਣਨ ਲਈ! ਬੁਲਬੁਲ ਆਪਣੇ ਖੰਤ ਨੇਚ ਰਹੀ ਹੈ,
ਸਿਆਲੇ ਦੇ ਵਿਧਵਾਪਨ ਉਤੇ! ਨਸ਼ੀਲੀ ਹਵਾ, ਕਿਸੇ ਦਲਾਲ ਵਾਂਗ,
ਇਕ ਫੁੱਲ ਦਾ ਜਨਾਨੀ-ਭਾਗ ਦੂਜੇ ਦੇ ਮਰਦਾਂਵੇਂ ਅੰਗਾਂ
ਨਾਲ ਜੋੜਦੀ ਹੈ, ਚੋਰੀ ਚੋਰੀ, ਤਾਂ ਜੁ ਦੋਹਾਂ ਨੂੰ ਨਿੰਦਣ ਲਈ
ਉਸ ਕੋਲ ਕੋਈ ਦਲੀਲ ਹਰ ਵੇਲੇ ਬਣੀ ਰਹੇ!

ਕੁੱਤੀਆਂ ਸੁੰਦੀਆਂ ਤੇ ਸੰਭਾਲਦੀਆਂ ਹਨ
ਆਪਣੀ ਕੁੱਤੀ ਔਲਾਦ ਨੂੰ, ਰੜੇ ਮੈਦਾਨ, ਜਿਵੇਂ ਉਹ ਵੀ ਕੋਈ
ਉਨ੍ਹਾਂ ਦਾ ਮੈਲਾ ਹੋਵੇ! ਕੀੜੀਆਂ
ਘੁੰਮ ਰਹੀਆਂ ਹਨ, ਉਪਰ ਥਲੇ,
ਆਪਣੇ ਨਿਕੇ ਨਿਕੇ, ਅੱਖੀਆਂ ਵਰਗੇ,
ਹੇਠਾਂ ਵਿਚ ਖੰਡ ਤੇ ਕਣਕ ਦੇ ਟੋਟੇ ਫੜੀ! ਜਿਵੇਂ
ਅੰਦਰ ਵੀ ਮੇਰੇ ਕੀੜੇ ਕੁਰਬਲ ਕੁਰਬਲ ਕਰ ਰਹੇ ਹਨ,
ਇਵੇਂ ਹੀ ਬਾਹਰ ਵੀ! ਚੀਲਾਂ ਤੇ ਗਿਰਝਾਂ,
ਸ਼ਿਕਰੇ ਤੇ ਚੀਤੇ. ਬਾਜ਼ ਤੇ ਸ਼ਿਕਾਰੀ ਕੁੱਤੇ
ਘੁੰਮ ਰਹੇ ਹਨ।
ਹਿਰਨ ਆਪਣੀ ਅੰਦਰਲੀ ਖ਼ੁਸ਼ਬੂਈ ਨੂੰ, ਬਾਹਰਵਾਰ ਭਾਲਦਾ
ਤ੍ਰਿਖਾ ਤ੍ਰਿਖਾ ਦੌੜ ਰਿਹਾ ਹੈ!
ਕਾਠ ਦੀ ਹਥਣੀ ਉਤੇ ਦਿਓ-ਦਾਨੋ ਹਾਥੀ ਮੋਹਿਆ,
ਆਪਣੀ ਕੈਦ ਵਿਚ ਆਪ ਆਣ ਫਾਥਾ ਹੈ!
ਭੌਰਾ, ਜਿਸ ਫੁੱਲ ਦਾ ਸੱਤ ਭੰਗ ਕਰਦਾ ਹੈ, ਉਸੇ ਵਿਚ
ਸੰਵਾਂ ਪਈਆਂ ਨੂੰ ਨਪੀੜਿਆ ਜਾਂਦਾ ਹੈ!
ਹਾਇ, ਇਹ ਜੀਵਨ-ਚਾਲ, ਜੋ ਸਦਾ ਘੁੰਮਦੀ ਹੈ
ਆਪਣੇ ਹੀ ਦੁਆਲੇ, ਜਾਂ ਕਿਸੇ ਹੋਰਸ ਦੇ ਦੁਆਰੇ,
ਜੋ ਖੁਲ੍ਹਦਾ ਹੈ। ਪਰ ਮੁੜ ਨਹੀਂ ਖੁਲਦਾ!

ਹੇ ਪਿਆਰ | ਹੇ ਪੀੜਾ!
ਮੈਂ ਕਿਸੇ ਦੀ ਤੁਰਵੀਂ ਕਬਰ ਉਤੇ
ਤੇਰਾ ਨਵਾਂ ਪੱਕਾ ਮਹਿਲ ਉਸਾਰ ਦਿਆਂਗਾ।
ਮੈਂ ਤੇਰੇ ਲਈ ਅਜਿਹੀਆਂ ਥਾਵਾਂ 'ਤੇ ਕਮਾਵਾਂਗਾ, ਜਿੱਥੇ
ਅੱਗੇ ਕੋਈ ਨਾ ਪਹੁੰਚਿਆ ਹੋਸੀ! ਜੇ ਤੂੰ ਚਾਹੇ,
ਤਾਂ ਮੈਂ ਇੱਕ ਪਿਆਰ ਨੂੰ ਦੂਜੇ ਨਾਲ ਟਕਰਾ ਦੇਵਾਂ!

ਹੇ ਮਹਾਂ ਕਾਲ! ਤੂੰ ਕਿਤਨਾ ਅਨੰਤ ਹੈ ਕਿ ਤੂੰ ਨਿਤ ਨਿਤ
ਮਰਦਾ ਤੇ ਮਾਰਦਾ ਹੈ, ਪਰ ਫੇਰ ਵੀ ਕੁਝ ਵੀ ਵਿਨਾਸ਼ ਨਹੀਂ ਹੁੰਦਾ!
ਰਿੱਛ ਦੀ ਜੱਫੀ ਤੇ ਨਾਲ ਹੀ ਉਸ ਦਾ ਘਰ ਘਰ ਦਾ ਨਾਚ
ਕੀ ਤੂੰ ਵੇਖਿਆ ਹੈ ?
ਤੇ ਜਾਂ ਛਿਣ-ਪਲ, ਮਸਤ-ਅਲਮਸਤੀ ਵਿਚ ਆਏ
ਸ਼ਰਾਬੀ ਦੀ ਖੋਖਲੀ ਖਿੜਖਿੜਾਹਟ ?
ਇੱਕ ਦੇ ਸੁੱਕੇ ਲਹੂ ਦਾ ਦੂਜੇ ਵਿਚ ਇਵੇਂ ਟੀਕਿਆ ਜਾਣਾ
ਕਿ ਇੱਕ ਵੀ ਮਰ ਜਾਇ ਤੇ ਦੂਜੇ ਦਾ ਵੀ ਬਚਾਅ ਨਾ ਹੋਵੇ ?
ਨਹੀਂ ਤਾਂ ਉਸ ਨੂੰ ਬਚਾਉਣ ਲਈ ਹੋਰ ਕਿਸੇ ਦੇ ਲਹੂ ਦੀ
ਲੋੜ ਪੈਸੀ! ਹੇ ਨਵ-ਜੀਵਨ, ਮੈਂ ਤੇਰੇ ਸਾਰੇ
ਪੁਰਾਤਨ ਨਕਸ਼ ਤੇ ਲਕਸ਼ ਮੇਟ ਦਿਆਂਗਾ,
ਤਾਂ ਜੁ
ਸਭ ਕੁਝ ਨਵਾਂ ਹੀ ਨਵਾਂ ਉਸਰੇ ਜਾਂ ਦਿਸੇ
ਤੇ ਜੀਵਨ ਨਿਪਟ ਆਪਣੇ ਸਮੂਲੜੇ ਰੂਪ ਵਿਚ,
ਗੋਲ ਗੋਲ, ਪਰਗਟ ਹੋਵੇ,
ਤੇ ਉਸ ਦਾ ਖਿਲਾਰਾ ਤੇ ਤੌਰ-ਤ੍ਰੀਕਾ ਅੱਖਾਂ ਵਿਚ ਕਦੀ ਨਾ ਰੜਕੇ!
ਇਹੋ ਸੋਚ ਕੇ
ਮੈਂ ਸਾਰੀਆਂ ਅਸਮਾਨੀ ਪੀਂਘਾਂ ਲੀਰੋ ਲੀਰ ਕਰ ਸੁਟੀਆਂ!
ਭੌਂਦੂ ਸਿਆਰਿਆਂ ਨਾਲ ਸਾਜ਼ਸ਼ ਕੀਤੀ ਕਿ ਉਹ ਸ਼ਾਂਤ-ਖੜੋਤੇ
ਸਿਤਾਰਿਆਂ ਨਾਲ ਟਕਰਾਉਣ!
ਚੰਨਾਂ ਨੂੰ ਮਜਬੂਰ ਕੀਤਾ ਕਿ ਦਸੋ ਜਾ ਕੇ ਰਾਸ਼ਨ ਦੀ ਦੁਕਾਨ ਉਤੇ
ਕਿ ਤੁਸੀਂ ਓਹੀ ਹੈ ਜੇ ਉੱਤੇ ਦਿਸਦੇ ਹੈ!
ਤੇ ਸੂਰਜਾਂ ਨੂੰ ਹੁਕਮ ਕੀਤਾ ਕਿ ਤੁਸੀਂ ਆਖੋ।
ਕਿ "ਅਸੀਂ ਬਲਦੇ ਹਾਂ, ਕਿਉਂਕਿ ਅਸੀਂ ਜੀਵਨ ਹਾਂ!'
ਤੇ ਧਰਤੀ ਨੂੰ, ਕਿ ਉਹ ਬੇਖ਼ੁਦ ਆਖੇ
ਕਿ "ਮੈਂ ਘੁੰਮਦੀ ਹਾਂ, ਹਰ ਵੇਲੇ, ਆਪਣੇ ਜਾਂ ਕਿਸੇ ਦੂਜੇ ਦੇ ਦੁਆਲੇ,

ਤਾਂ ਆਪਣੀ ਮਰਜ਼ੀ ਨਾਲ, ਮਜਬੂਰੀ ਮੈਨੂੰ ਕੋਈ ਨਹੀਂ!"
ਨਵੇਂ ਕਾਨੂੰਨ ਬੱਧੇ;
"ਜਿੰਨਾ ਕਿਸੇ ਨੂੰ ਲੋੜ ਹੋਵੇ, ਓਨਾਂ ਹੀ ਲੈਣਾ,
ਤੇ ਜੇ ਇਸ ਤੋਂ ਵਧੀਕ ਦੀ ਇੱਛਾ ਹੋਵੇ, ਤਾਂ
ਜਿੰਨੀ ਕੋਈ ਸਾਜ਼ਸ਼ ਕਰ ਸਕੇ!"
ਖੁਲ੍ਹਾ ਪਿਆਰ; ਨਿੰਮਣਾ, ਪਰ ਜੰਮਣਾ ਕੁਝ ਨਾ!
ਇਕ ਅਕਹਿ ਜਿਹੀ ਟਿੱਕਵੀਂ ਬੇਸਬਰੀ, ਜਿਵੇਂ
ਸਾਹ ਸਾਡਾ ਹਰ ਵੇਲੇ ਸਾਹੋ-ਸਾਹੀ ਹੋਇਆ ਰਹਿੰਦਾ ਹੈ,
ਪਰ ਲਗਦਾ ਇਵੇਂ ਹੈ ਜਿਵੇਂ ਸ਼ਾਂਤ-ਚਿਤ ਹੋਵੇ!
ਸਦਾ ਤਾੜ ਰਖਣੀ ਕਿ ਕਿਤੇ ਗੁੱਸੇ ਨਾ ਜਾਈਏ
ਪਿਆਰ ਦੀ ਚਿੱਟੀ ਧੁੰਦ ਵਿਚ, ਤੇ ਜੋ ਕਰੀਏ ਤੇ ਕਹੀਏ,
ਉਸ ਵਿਚੋਂ ਨਿਕਲ ਆਉਣ ਲਈ
ਇੱਕ ਬਾਰੀ ਹਰ ਵੇਲੇ ਖੁਲ੍ਹੀ ਰਖੀਏ!
ਹਾਇ ਵੇਇ, ਇਹ ਪਿਆਰ ਕੇਹੀ ਵਸਤੂ ਹੈ, ਜੋ ਹਰ ਵੇਲੇ
ਦੂਜਿਆਂ ਨੂੰ ਹੀ ਦੇਣੀ ਪੈਂਦੀ ਹੈ!
'ਈਸਾ' ਤੇ 'ਮਾਰਕਸ' ਦੋਵੇਂ ਯਹੂਦੀ ਸਨ,
ਇਸੇ ਲਈ ਓਹਨਾਂ ਪ੍ਰਸਪਰ ਇਹ, 'ਕਰਾਰਨਾਮਾ
ਹੈ ਸੀ ਸਿਰਜਿਆ ਕਿ ਜਿਥੇ ਇੱਕ ਨਾ ਹੋਵੇ
ਓਥੇ ਦੂਜਾ ਅਵੱਸ਼ ਹੋਵੇ!
ਉੱਡਦੇ ਪੰਖੇਰੂਆਂ ਉਤੇ ਤਾੜੀ ਲਾਣੀ,
ਤੇ ਝੜਦੇ ਪੱਤਰਾਂ ਉਤੇ; ਕਾਹਲੀ ਵਿਚ
ਸਸਤਾਉਣਾ ਸਿੱਖਣਾ, ਸਮੇਂ ਦੀ ਬੇਚੈਨ ਨਦੀ ਉਤੇ
ਬੇਅਖ਼ਤਿਆਰ ਪਏ ਵਗਣਾ ਤੇ ਆਖਣਾ;

'ਜੀਵਨ ਵੀ ਤਾਂ ਇਕ ਬੇਚੈਨੀ ਹੈ!"
ਹਾਇ ਵੇ ਦਿਲ, ਜੋ ਜਲਦਾ ਹੈ, ਪਰ ਰੋਸ਼ਨੀ ਨਹੀਂ ਦੇਦਾ!
ਤੇ ਜਾਣੂ ਹੁੰਦਿਆਂ ਜਾਣਦਾ ਵੀ ਨਹੀਂ ਕਿ ਇਹ ਹਨੇਰਾ
ਚਾਨਣ ਕੇਹਾ ਹੈ ?
ਹਾਇ ਓਹੋ ਮੁੜ ਮੁੜ ਕੇ ਮਿਲਦੀ ਪੁਰਾਤਨ ਨਵੀਨਤਾ!
ਮੈਂ ਤੇਰੀ ਤਿੱਖੀ ਧਾਰ ਉਤੇ ਆਪਣੀਆਂ ਪਤਲੀਆਂ ਉਂਗਲਾਂ
ਫੇਰ ਫੇਰ ਵੇਖੀਆਂ ਹਨ! ਜੇ ਤੂੰ ਪੁੰਨ ਹੈਂ,
ਤਾਂ ਪਾਪ ਕਿਤੇ ਤੇਰਾ ਹੀ ਪੁੱਠਾ ਪਾਸਾ ਤਾਂ ਨਹੀਂ ?
ਲਚਕ-ਹੀਣ ਪੱਠਿਆਂ ਵਾਂਗ, ਹੁਣ, ਹਿੱਸ ਮੇਰੀ ਦੀ ਧਾਹ
ਖੁੰਢੀ ਪੈ ਗਈ ਹੈ, ਅਤੇ, ਲਾਚਾਰ, ਵਧਦੀ ਅਉਧ ਵਾਂਗ,
ਮੈਂ ਆਪ ਆਪਣੇ ਪੈਰਾਂ ਉਤੇ ਹੀ ਆਣ ਡਿੱਗਿਆ ਹਾਂ!
ਹੇ ਨਿੱਤ-ਲੋੜਾਂ ਤੇ ਤਸੱਲੀਆਂ ਦੀ ਅਦਭੁਤਤਾ!
ਤੁਸੀਂ ਕਿੰਨੀਆਂ ਸਜਰੀਆਂ ਤੇ ਕਿੰਨੀਆਂ ਰਤ-ਹੀਣ ਹੋ!
ਮੈਂ ਰੱਬ ਨੂੰ ਆਪਣੀ ਆਤਮਾ ਵਿਚ ਪਾਲਿਆ ਪੋਸਿਆ,
ਪਰ ਉਹ, ਜਦੋਂ ਵੇਖੋ,
ਕਿਸੇ ਨਿਰਲੱਜ ਮਨੁੱਖ ਵਾਂਗ,
ਮੇਰੇ ਰਾਹ ਵਿਚ, ਹਰ ਹਨੇਰੇ ਸਵੇਰੇ ਆਣ ਖੜਾ ਹੋਵੇ! ਤੇ
ਮੈਂ ਹਾਰ ਕੇ, ਉਸ ਜੀਊਂਦੇ ਜਾਗਦੇ ਨੂੰ,
ਇਕ ਲੰਮੀ ਕਚੀਚੀ ਵੱਟ ਕੇ, ਅੰਦਰੋ ਅੰਦਰੀ,
ਵੱਢ ਸਿਟਿਆ। ਫਿਰ ਵੀ ਮੈਂ
ਰਹਿਤਨਾਮੇ ਦੇ ਦਸੇ ਸਾਰੇ ਪਵਿੱਤ੍ਰ ਅਸੂਲਾਂ ਉਤੇ
ਵਧ ਚੜ੍ਹ ਕੇ ਅਮਲ ਕਰਦਾ ਰਿਹਾ, ਤਾਂ ਜੁ
ਖ਼ੁਨਾਮੀ ਮੇਰੀ ਕਿਤੇ ਲੋਕਾਂ ਵਿਚ ਅਜਾਈਂ ਨਸ਼ਰ ਨਾ ਹੋ ਜਾਵੇ!
ਮੈਂ ਚੋਰੀ ਨਹੀਂ ਸਾਂ ਕਰਦਾ, ਕੇਵਲ
ਉਨ੍ਹਾਂ ਲੋਟੂਆਂ ਤੋਂ ਜਿਨ੍ਹਾਂ ਨੂੰ ਮੈਂ ਉਪਦੇਸ਼ ਦੇਂਦਾ ਸਾਂ, "ਚੋਰੀ ਨਾ ਕਰੋ,"

ਦਸਵੰਧ ਹੀ ਵਸੂਲਦਾ ਸਾਂ! ਮੈਂ ਕੇਵਲ
ਗਵਾਂਢੀ ਨਾਲ ਹੀ ਪਿਆਰ ਨਹੀਂ ਸਾਂ ਕਰਦਾ, ਸਗੋਂ
ਉਸ ਦੀ ਸਜ-ਵਿਆਹੀ ਵਹੁਟੀ ਨਾਲ ਵੀ! ਮੈਂ
ਮਾਰ-ਕਾਟ ਨਹੀਂ ਸਾਂ ਕਰਦਾ, ਸਿਵਾਇ ਓਨੀ ਦੇ
ਜਿੰਨੀ ਕਨੂੰਨ ਦੀ ਕਿਸੇ ਧਾਰਾ ਵਿਚ
ਪਰਚਲਤ ਤੇ ਯੋਗ ਅੰਕਿਤ ਹੋਵੇ!
ਪਰ-ਨਾਰੀ ਨੂੰ ਮੈਂ ਕਿਉਂ ਖ਼ਾਹ-ਮ-ਖ਼ਾਹ ਛੇੜਦਾ,
ਜਦ ਕਿ ਕੰਵਾਰੀ ਸੁੰਦਰਤਾ ਦੀ, ਚੰਗੀ ਨੀਅਤ ਵਾਲਿਆਂ ਲਈ,
ਕੋਈ ਘਾਟ ਨਹੀਂ!
ਇਤਿ ਆਦਿ, ਇਤਿ ਆਦਿ, ਇਤਿ ਆਦਿ।

ਪਰ ਜਦੋਂ ਮੈਂ ਵੇਖਿਆ ਕਿ
ਰੱਬ ਵੀ ਆਪਣੇ ਮਨਾਹੇ ਬ੍ਰਿਛਾਂ ਦਾ ਫੱਲ
ਤ੍ਰੋੜ ਤ੍ਰੋੜ ਖਾ ਰਿਹਾ ਹੈ, ਤਾਂ ਮੈਂ ਆਖਿਆ;
"ਮੈਂ ਕਿਉਂ ਨਾ ਖਾਵਾਂ ?" ਜਿਵੇਂ ਓਸ ਨੇ
ਆਪਣੀ ਆਤਮਾ ਨੂੰ ਸਮਝਾ ਲਿਆ ਹੋਸੀ, ਓਵੇਂ ਮੈਂ ਵੀ ਕੀਤਾ।
ਫਿਰ ਮੈਂ ਦੂਜਿਆਂ ਦੀ ਕੀਮਤ 'ਤੇ, ਇਹ ਸਿਖਿਆ ਸਿੱਖੀ,
ਕਿ ਸਚਿਆਈ ਕੋਈ ਵੀ ਆਖ਼ਰੀ ਨਹੀਂ, ਤੇ ਮਨੁੱਖ ਨੇ
ਸਭੇ ਕਨੂੰਨ ਘੜੇ ਹਨ, ਆਪਣੀ ਬੇਕਨੂੰਨੀ ਨੂੰ
ਇਕ ਮਾਨਨੀਯ ਰੂਪ ਦੇਣ ਲਈ!
ਇਸ ਲਈ ਮੈਂ ਕਨੂੰਨ ਉਤੇ ਅਮਲ ਕਰਨਾ ਛੱਡ ਦਿਤਾ,
ਤੇ ਲੋਕਾਂ ਨੂੰ ਕਨੂੰਨ ਦੀ ਸਿਖਿਆ ਦੇਣੀ ਅਰੰਭ ਕਰ ਦਿਤੀ!
ਹੁੰਦਾ ਸਦਾ ਤੋਂ ਏਹੀ ਆਇਆ ਹੈ;
ਜੋ ਪੜ੍ਹ ਨਹੀਂ ਸਕਦਾ, ਉਹ ਪੜ੍ਹਾਉਂਦਾ ਹੈ!

ਪਰ ਜਦ ਮੈਂ ਵੇਖਿਆ ਕਿ ਸਿਖਦਾ ਫੇਰ ਵੀ ਕੋਈ ਨਹੀਂ, ਤਾਂ ਮੈਂ
ਡੰਡ-ਧਾਰਨੀ, ਸ਼ਾਸਨ-ਅਧਿਕਾਰੀ, ਮਹਾਰਾਜ, ਰਾਜ-ਅਧਿਰਾਜ,
ਬਣ ਬੈਠਾ!

ਸਾਰੇ ਮੂਰਖ ਮੈਂ ਆਪਣੇ ਪਿਛੇ ਲਾ ਲਏ। ਕਿਉਂ ਜੁ
ਜੁਗਾਂ ਜੁਗਾਂ ਤੋਂ ਏਹੀ ਇਨ੍ਹਾਂ ਦੀ ਉਡੀਕ ਤੇ ਤਲਾਸ਼ ਹੁੰਦੀ ਹੈ
ਕਿ ਕੋਈ ਓਹਨਾਂ ਨੂੰ ਆਪਣੇ ਲੜ ਲਾ ਲਏ। ਤਾਂ ਜੁ
ਉਨ੍ਹਾਂ ਨੂੰ ਆਪਣੀ ਸਿਆਣਪ ਦਾ ਉਪਯੋਗ ਕਰਨ ਦੀ
ਕਾਟਵੀਂ ਜ਼ਹਿਮਤ ਕਦੀ ਸਹਿਣੀ ਨਾ ਪਵੇ!
ਬਹੁਤੇ ਮੂਰਖ਼ਾਂ ਦੀ ਸਹਾਇਤਾ ਨਾਲ,
ਮੈਂ ਸਿਆਣਿਆਂ ਨੂੰ ਬਿੱਲੇ ਲਾਇਆ ਕਿ ਉਹ ਥੋੜ੍ਹੇ ਸਨ! ਤੇ ਫੇਰ
ਮੂਰਖਾਂ ਨੂੰ, ਉਨ੍ਹਾਂ ਦੀ ਹੀ ਸਲਾਹ ਨਾਲ ਹੀ ਘੜੇ
ਸ਼ਾਸਨ-ਅਨੁਸਾਰ ਆਪਣੀ ਥਾਂ ਸਿਰ ਰਹਿਣਾ ਸਿਖਾਇਆ।
ਪਰ ਤਾਂਹੀਏ ਵੇਖਿਆ,
ਕਿ ਯਮਰਾਜ ਦੀ ਧਰਤੀ ਵਾਂਗ, ਮੇਰੇ ਪੂਜਯ ਰਾਜ ਵਿਚ ਵੀ,
ਸਿਵਾਇ ਸੜ੍ਹਿਆਂਦ ਤੇ ਕਬਰਾਂ ਦੀ ਚੁਪਚਾਂਦ ਦੇ
ਜੀਣ ਦਾ ਸਹਾਰਾ ਹੋਰ ਕੁਝ ਵੀ ਨਹੀਂ ਸੀ ਲਭਦਾ!

ਪਹਿਲਾਂ ਤਾਂ ਮੈਂ ਸੋਚਿਆ ਸੀ
'ਮੈਂ ਸੁਖ ਭੋਗ ਰਿਹਾ ਹਾਂ', ਪਰ ਜਦ ਅੰਦਰ ਵੜ ਕੇ ਵੇਖਿਆ,
ਤਾਂ ਪਤਾ ਲੱਗਾ ਕਿ ਸੁੱਖ ਤਾਂ ਮੈਨੂੰ ਪਏ ਭੋਗਦੇ
ਤੇ ਮੇਰੇ ਢਲਦੇ ਪਰਛਾਂਵੇਂ ਨੂੰ ਵੇਖ ਵੇਖ ਪਏ ਗੁਟਕਦੇ ਹਨ!
ਤੇ ਜਦ ਸਖਣੀ ਨਜ਼ਰ ਵਾਂਗ, ਜਾਂ ਬਿਖਰੇਂ ਖ਼ਿਆਲ ਵਾਂਗ,
ਮੈਂ ਖੜਾ ਖੜੋਤਾ ਰਹਿ ਗਿਆ
ਆਵਣ ਜਾਣ ਦੇ ਸਾਗਰ-ਕੰਢੇ ਉਤੇ,
ਇਕੱਲਾ,
ਵਾਂਗ ਕਿਸੇ ਸਮੇਂ-ਸਹਿਮੇ ਰੁੱਖ ਦੇ

ਤਾਂ ਮੈਂ ਸਭ ਕੁਝ ਤਿਆਗ ਦਿੱਤਾ.
ਤੇ ਇਕ ਫ਼ਕੀਰ ਆਣ ਬਣਿਆ, ਮਸਤ-ਮੌਲਾ ਜਿਹਾ,
ਲਟਬਾਵਰਾ, ਆਪਣੇ ਪਿਛ-ਕੀਤੇ ਉਤੇ, ਛੈਣਿਆਂ ਨਾਲ,
ਵੈਰਾਗ ਦੇ ਸ਼ਬਦ ਉੱਚੀ ਉੱਚੀ ਕੂਕਦਾ।
ਤ੍ਰਿਸ਼ਨਾ ਸਾਰੀ ਮੈਂ ਛੱਡੀ, ਨਾਲੇ ਮੁਕਤੀ ਦੀ ਲਾਲਸਾ ਵੀ,
ਜੀਵਨ-ਮਰਨ ਨੂੰ ਖੇਡ ਆਖ ਬਖਾਨਿਆ। ਕੰਦ-ਮੂਲ ਖਾਂਵਾਂ,
ਸੁੱਥਰਾਂ, ਪੱਥਰਾਂ, ਸੂਲਾਂ ਉਤੇ ਸਵਾਂ। ਪਰ, ਹਾਇ ਵੇ ਮੇਰੇ ਲੇਖ,
ਕਿ ਜਿੰਨੇ ਤ੍ਰਿਸ਼ਨਾ-ਹੀਨ ਮਨੁੱਖ ਦੁਨੀਆਂ ਉਤੇ, ਚਿਰਾਂ ਚਿਰਾਂ ਤੋਂ,
ਹਾਵੇ ਪਏ ਭਰਦੇ ਹਨ, ਸਾਰੇ
ਮੇਰੇ ਦੁਆਲੇ ਆਣ ਇਕੱਠੇ ਹੋਇ, ਤੇ ਮੈਨੂੰ
ਉਨ੍ਹਾਂ ਇਕ ਧਰਮ-ਮੰਦਰ ਬਣਾ ਘੱਤਿਆ,
ਤੇ ਮੈਂ ਲੜਨ ਲੱਗਾ ਨਿੱਤ, ਸਰਾਫ਼ਾਂ ਦੀ
ਉਸ ਸੋਨੇ-ਲਦੀ ਵਿਧਵਾ ਕੁੜੀ ਨਾਲ, ਜੋ
ਮੇਰੀ ਸ਼ਰਨ ਆਣ ਲਗੀ ਸੀ, ਤੇ ਮੈਨੂੰ
ਰੱਬ ਨਾਲ ਵਿਆਹੇ ਹੋਇ ਨੂੰ, ਨਿਰਲੱਜ ਹੈ,
ਹਨੇਰੇ ਸਵੇਰੇ, ਚੋਰੀ ਚੋਰੀ, ਆਖਦੀ ਸੀ;
"ਜੀਉ ਜੀ, ਮੈਨੂੰ ਆਪਣੇ ਲੜ ਲਾ ਲਵੋ!"

ਨੱਠਾ ਮੈਂ ਤਿਆਗ ਨੂੰ ਵੀ ਤਿਆਗ। ਘਰ ਮੁੜ ਆਇਆ,
ਪਰ ਉਸ ਨੂੰ ਸਾਂਭ ਨਾ ਸਕਿਆ, ਸਿਵਾਏ
ਇਕ ਧੋਖੇ ਦੇ ਜੋ ਦੂਜੇ ਨਾਲ ਧੋਖਣਾ ਪੈਂਦਾ ਸੀ। ਮੈਂ
ਆਪਣੇ ਦਿਲ ਤੇ ਮਨ ਦਾ ਸ੍ਵਾਮੀ ਬਣਨਾ ਲੋਚਿਆ ਸੀ,
ਪਰ ਹਾਇ, ਕਿ ਮੈਨੂੰ ਓਹਨਾਂ ਦਾ ਹੀ
ਕਿਰਾਇਦਾਰ ਜਾਂ ਦਿਹਾੜੀਦਾਰ ਬਣਨਾ ਪਿਆ,

ਜਿਵੇਂ ਦੋ ਜਨਾਨੀਆਂ ਵਾਲੇ ਉਸ ਮਨੁੱਖ ਨੂੰ
ਜਿਸ ਦੀ ਬੁੱਢੀ ਜਨਾਨੀ ਉਸ ਦੇ ਕਾਲੇ ਵਾਲ ਚੁਣ ਦੇਂਦੀ ਸੀ,
ਤੇ ਜਵਾਨ ਉਸ ਦੇ ਚਿੱਟੇ!

ਹੋਰ! ਹੋਰ! ਹੋਰ! ਹੋਰ! ਹੋਰ!
ਥੱਕਿਆ ਤੇ ਮੈਂ ਹਾਰਿਆ, ਤੇ ਸਭ ਕੁਝ ਨੂੰ
ਇਕ ਅੰਨ੍ਹੇ ਖੂਹ ਵਿਚ ਵਗਾਹ ਮਾਰਿਆ।
ਪਰ ਹੱਥ ਮੇਰਾ ਫੇਰ ਵੀ ਅੱਡਿਆ,
ਟੱਡਿਆ ਦਾ ਟੱਡਿਆ।
ਜੀਵਣਾ ਹਰ ਵੇਲੇ ਦਾ ਇਕ ਮੰਗਣਾ ਹੀ ਤਾਂ ਹੈ!
ਹੇ ਦਲਦਲੋ! ਹੇ ਪਾਵਕ ਦੇ ਸਾੜਦੇ ਪਾਣੀਓ!
ਮੈਂ ਆਪਣੀ ਨਵੀਂ ਬੀਮਾਰੀ ਦਾ ਇਲਾਜ ਢੂੰਡਣਾ ਚਾਹਿਆ,
ਪਰ ਜਿਸ ਕੋਲ ਵੀ ਮੈਂ ਗਿਆ, ਉਹ ਕਿਸੇ ਹੋਰ
ਬੀਮਾਰੀ ਦਾ ਇਲਾਜ ਮੈਥੋਂ ਪੁੱਛ ਰਿਹਾ ਸੀ,
ਜਿਸ ਨੂੰ ਮੈਂ ਨਾ ਕਦੀ ਪਹਿਲਾਂ ਸੁਣਿਆ ਸੀ, ਨਾ ਵੇਖਿਆ!

ਪੀੜ! ਪੀੜ! ਪੀੜ!
ਪੀੜ ਹੋਂਦ ਦੀ, ਨਿਹੋਂਦ ਦੀ, ਉੱਚਾ ਹੋਣ,
ਨਾ ਹੋਣ ਦੀ, ਕਾਹਲੀ ਕਾਹਲੀ; ਨਿੰਮਣ ਦੀ,
ਜੰਮਣ ਦੀ, ਮਰਨ ਦੀ ਤੇ ਮੁੜ-ਜੰਮ ਕੇ ਨਾ ਮਰਨ ਦੀ; ਮੰਗਣ ਦੀ
ਤੇ ਦੇ ਕੇ ਫਿਰ ਮੰਗਣ ਦੀ; ਹਾਇ, ਜੀਣ ਦੀ ਮਜਬੂਰੀ, ਕਿ
ਓਹੀ ਸਾਹ ਮੈਨੂੰ ਅੰਦਰ ਸੂੰਕਣਾ ਪੈਂਦਾ ਹੈ, ਜੋ ਕਿਸੇ ਨੇ
ਘਬਰਾ ਕੇ ਬਾਹਰ ਕੱਢਿਆ ਹੋਵੇ!
ਹਰ ਮੀਲ-ਪੱਥਰ ਆਖਦਾ ਹੈ;
ਅਗਲੇ ਪੜਾਅ 'ਤੇ ਤੈਨੂੰ ਆਰਾਮ ਮਿਲੇਗਾ! ਹੇ ਕਾਮ-ਦੇਵਤਾ,

ਜਿਹੜਾ ਰੂਪ ਦੇ ਕਪੜੇ ਪਹਿਨ ਕੇ ਛਲਦਾ ਹੈਂ!
ਤੇ ਲੋਭ ਦੀ ਤ੍ਰਾਟ,
ਜਿਹੜੀ ਪ੍ਰੇਮ ਦੇ ਨੈਣਾਂ ਵਿਚ ਬ੍ਰਿਹਾ ਬਣ ਕੇ ਰੜਕਦੀ ਹੈਂ!
ਹੇ ਹੰਗਤਾ, ਜੋ ਸੇਵਾ ਵਾਂਗ ਡੰਡੌਤ-ਧਾਰਨੀ ਹੈਂ!
ਹੇ ਪਿਆਰ, ਤੂੰ ਬਾਹੀਂ ਉਲਾਰਦਾ ਹੈਂ, ਦੂਜੇ ਵਲ,
ਤਾਂ ਨਫ਼ਰਤ ਦੇ ਸਹਿਮ ਤੋਂ ਕੰਬਦਾ! ਹੇ ਜੀਵਨ!
ਤੂੰ ਮੈਨੂੰ ਓਥੇ ਆਣ ਗਿੱਚੀਉਂ ਫੜਿਆ ਹੈ ਜਿੱਥੇ ਮੈਂ ਜਾਤਾ
ਮੈਂ ਤੇਰੀ ਤ੍ਰਿਸ਼ਨਾ ਤਿਆਗ ਦਿੱਤੀ ਹੈ!
ਤੇਰਾ ਰੱਬ ਵੀ
ਮਨੁੱਖ ਨਾਲ ਮਾਨੋਂ ਕੋਈ ਲੀਤਾ ਹੋਇਆ ਬਦਲਾ ਹੈ,
ਤਾਂ ਜੁ ਰੱਬ ਤੋਂ ਜੋ ਤੂੰ ਨਿਤ ਹਾਰ ਖਾਂਦਾ ਹੈਂ,
ਉਹ ਲੋਕਾਂ ਨੂੰ ਪ੍ਰਭੂ ਦੇ ਰਾਹ 'ਤੇ
ਤੇਰੀ ਮਾਸੂਮ ਕੁਰਬਾਨੀ ਜਾਪੇ!
ਤੇਰਾ ਮਾਦਾ ਸ਼ਕਤੀ ਦਾ ਰੂਪ ਧਾਰਦਾ ਹੈ,
ਕੇਵਲ ਆਪਣੇ ਆਪ ਨੂੰ ਹੀ ਖੋਰਨ ਲਈ!
ਸਾਰੀਆਂ ਤੈਰੀਆਂ ਚੰਗਿਆਈਆਂ
ਤੈਨੂੰ ਅਧੇ-ਨਰ, ਅਧੇ-ਮਦੀਨ ਫ਼ਰਿਸ਼ਤੇ
ਬਖ਼ਸ਼ਦੇ ਹਨ, ਜੋ ਆਪ ਰਹਿੰਦੇ ਤਾਂ ਹਨ
ਸਦਾ ਸ੍ਵਰਗ ਦੇ ਨੇੜੇ ਨੇੜੇ
ਪਰ ਆਪਣੇ ਪ੍ਰਿਯ ਤੇ ਪੁਨੀਤ
ਨਰਕੀਲੇ ਆਸਣਾਂ ਨੂੰ ਵੀ
ਛਡ ਨਹੀਂ ਸਕਦੇ! ਹੇ ਪੁੰਨ,
ਜੋ ਮੇਰੇ ਆਤਮਾ ਦੇ ਹੱਥਾਂ ਨਾਲੋਂ,
ਕੀਤੇ ਖ਼ੂਨ ਦੇ ਦਾਗ਼ ਵਾਂਗ, ਧੁੱਲਦਾ ਨਹੀਂ!

ਹੇ ਪਵਿੱਤਰ ਪਾਪ, ਜੇ ਜੇ ਮੈਂ ਨਾ ਕਰਦਾ,

ਜਾਂ ਕਰ ਸਕਦਾ, ਤਾਂ ਜੀਵਨ ਕਿਵੇਂ ਜੀਊਂਦਾ ?

ਸੁਣੋ ਤੇ ਮੰਨੋ,

ਮੰਨੋ ਤੇ ਜੀਵੋ,

ਜੀਵੋ ਤੇ ਨਾ ਬੋਲੋ!

ਉਸਾਰੋ ਤੇ ਢਾਹੋ ਕਿ ਉਸਾਰ ਕੇ ਮੁੜ ਨਿਵਾਰ ਸਕੋ!

ਬਰੂਦ ਦੀ ਅੱਗ ਨੂੰ ਭਖਾਓ; ਇਨਕਲਾਬ! ਇਨਕਲਾਬ!!

ਪਿੱਛੇ ਨੂੰ ਹੁਣ ਉਤੋਂ, ਹੁਣ ਨੂੰ ਆਉਂਦੇ ਤੋਂ,

ਵਾਰ ਸੁਟੋ! ਆਪਣਾ ਆਪ ਸਮੂਲੜਾ,

ਜਿਸ ਭਾਉ ਵਿਕਦਾ ਹੈ, ਵੇਚ ਸੁਟੋ, ਕਿ

ਆਪਣਾ ਹੀ ਕੋਈ ਭਾਗ ਮੁੜ ਖ਼ਰੀਦ ਸਕੋ!

ਜੋੜੋ ਤੇ ਉਜਾੜੋ ਕਿ ਉਹ ਕਿਤੇ ਵਧੀਕ ਢੂੰਡਦੇ ਹੱਥਾਂ ਵਿਚ ਨਾ ਜਾ ਡਿੱਗੇ!

ਹਰ ਕੋਈ ਦੂਜਿਆਂ ਦੀ ਛਾਤੀ ਉਤੇ ਚੜ੍ਹਿਆ ਹੈ

ਕੀ ਜੀਣ ਦਾ ਕੋਈ ਪ੍ਰਵਾਨ ਬਹਾਨਾ ਤਾਂ ਮਿਲ ਸਕੇ!

ਹੇ ਪੱਥਰ, ਜੋ ਉੱਚਾ ਸਦਾ ਚੜਦਾ ਹੈ

'ਦੂਜਿਆਂ ਦੇ ਮੋਢਿਆਂ 'ਤੇ

ਪਰ ਜਦ ਡਿੱਗਦਾ ਹੈ,

ਤਾਂ ਆਪਣੇ ਹੀ ਸਿਰ-ਪਰਨੇ!

ਵੇਖ, ਕਿ ਸਾਰੇ ਤੇਰੇ ਆਂਡਿਆਂ ਵਿਚੋਂ, ਤੇਰੀ ਛਾਤੀ-ਰਗੜ ਨਾਲ,

ਚੂਜ਼ੇ ਨਿਕਲ ਆਏ ਹਨ!

ਚੰਚਲ ਘੋੜੀ ਦਾ ਗੰਧਰਵ-ਵਿਆਹ ਕਿਸੇ ਮਤ-ਹੀਨ

ਗਰਧਬ ਨਾਲ਼ ਹੋ ਚੁਕਾ ਹੈ!

ਬਿੱਲੀ ਦੇ ਬੱਚੇ ਆਰਾਮ ਕਰ ਰਹੇ ਹਨ, ਪਰ ਮਾਂ

ਉਨ੍ਹਾਂ ਦੀ ਉਨ੍ਹਾਂ ਲਈ ਸ਼ਿਕਾਰ ਸੁੰਘਦੀ ਫਿਰਦੀ ਹੈ! ਬਾਂਦਰ ਦਾ ਬੱਚਾ

ਮਾਂ ਦੀ ਛਾਤੀ ਨਾਲ ਚਮੁੱਟਿਆ ਹੈ; ਮਾਂ
ਮਨੁੱਖ-ਬੱਚਿਆਂ ਦੇ ਹੱਥਾਂ ਵਿਚ ਫੜੀਆਂ,
ਨਿੱਕੀਆਂ ਨਿੱਕੀਆਂ ਬੁਚਕੀਆਂ ਉਤੇ ਝਪੱਟੇ ਮਾਰਨ ਦੀ ਤਾੜ ਵਿਚ
'ਗ਼ਰਾਊਂ-ਗ਼ਰਾਊਂ' ਕਰ ਰਹੀ ਹੈ!
ਸਾਰੇ ਆਖਦੇ ਹਨ; ਜੋੜੋ ਕਿ ਖ਼ਰੀਦ ਸਕੋ!
ਖ਼ਰੀਦੋ ਕਿ ਵੇਚੋ! ਵੇਚੋ ਤੇ ਜੀਵੋ!
ਹੇ ਹੋਰ, ਹੋਰ, ਹੋਰ ਦੀ ਕੜਕੁਟ,
ਜਿਹੜੀ ਬੇਕਨੂੰਨੀ ਰਾਜਾਂ ਤੇ ਧਾੜਵੀ ਵਪਾਰੀਆਂ
ਦੇ ਜ਼ੁਲਮ ਤੇ ਧ੍ਰੋਹ ਨਾਲ ਅੰਦਰੋਂ ਰਲੀ ਹੋਈ ਹੈਂ!

ਨਵੇਂ ਨਵੇਂ ਚੁਬਾਰੇ, ਨਵੇਂ ਨਕਸ਼ੇ, ਪਰ ਉਨ੍ਹਾਂ ਵਿਚ ਬੈਠੀ ਹੈ
ਓਹੀ ਪੁਰਾਣੀ ਬੇੜੀ, ਬੁੱਢੀ ਕੰਜਰੀ,
ਮਹਿੰਦੀ-ਰੰਗੀਆਂ, ਚਿੱਟ-ਰਤੀਆਂ ਪਟੀਆਂ ਵਾਲੀ!
ਪਹੀਏ ਤੇ ਪੌੜੀਆਂ ਵਧੀਕ ਤੇਜ਼ ਤੇਜ਼ ਘੁੰਮਦੀਆਂ ਹਨ ਕਿ
ਛੇਤੀ ਛੇਤੀ ਅਸੀਂ ਚੰਨਾਂ-ਤਾਰਿਆਂ ਦੀ ਦੁਨੀਆਂ ਨੂੰ ਪੜੱਛ ਲਈਏ
ਤੇ ਜਦੋਂ ਓਥੋਂ ਡਿੱਗੀਏ, ਤਾਂ ਨਿਰੋਲ
ਕਿਸੇ ਦੁੰਮਦਾਰ ਤਾਰੇ ਵਾਂਗੂ, ਤਾਂ ਜੁ
ਪੁਲਾੜ ਵਿਚੋਂ ਸਾਡੀ ਭਸਮ ਵੀ ਕਿਸੇ ਨੂੰ ਨਾ ਲਭ ਸਕੇ,
ਤੇ ਜਾਂ ਬੰਬ ਦੇ ਧਮਾਕੇ ਵਾਂਗ
ਕਿ ਧਰਤ ਦਾ ਸੀਨਾ ਕੰਬ ਕੰਬ ਦਹਿਲ ਜਾਇ!

ਜੋ ਕੁਝ ਵੀ ਅਸੀਂ ਹੁਣ ਵਿਉਂਤਦੇ ਹਾਂ,
ਅਥਾਹ ਪੈਮਾਨੇ ਉਤੇ! ਹੁਣ ਸਾਨੂੰ,
ਇੱਕ ਇਕੱਲੇ ਮਨੁੱਖ ਦੀ ਪੀੜ ਨਹੀਂ ਹੁੰਦੀ, ਹੁਣ ਤਾਂ ਅਸੀਂ
ਜਨ-ਸਮੂਹ ਨੂੰ ਉਚਿਆਣਾ ਲੋਚਦੇ ਹਾਂ, ਅਤੇ

ਏਨੇ ਵੱਡੇ ਪੈਮਾਨੇ ਉਤੇ ਹੀ ਇਨ੍ਹਾਂ ਨੂੰ
ਫ਼ਨਾਹ-ਛਿੱਲਾ ਕਰਨ ਦੀਆਂ ਵਿਉਂਤਾਂ ਵੀ ਗੁੰਦਦੇ ਹਾਂ!
ਹੁਣ ਅਸੀਂ
ਨਿੱਕੀਆਂ ਨਿੱਕੀਆਂ ਚੋਰੀਆਂ ਨਹੀਂ ਕਰਦੇ,
ਵਡੇ ਵਡੇ ਧਾੜੇ ਹੀ ਮਾਰਦੇ ਹਾਂ!
ਰੱਬ ਦੇ ਹਰ ਤੱਤ ਵਿਚੋਂ
ਅਸਾਂ ਓਹਦਾ ਸੱਤ ਛਾਣ ਮਾਰਿਆ ਹੈ, ਤਾਂ ਜੁ
ਮਨੁੱਖ ਆਪਣੇ ਦੁਆਲੇ ਤਾਵਲਾ ਤਾਵਲਾ
ਘੁੰਮਣ-ਘੇਰੀ ਖਾ ਸਕੇ! ਧਰਤੀ ਦਾ ਕੰਵਾਰਾਪਨ
ਸਾਰਾ ਅਸਾਂ ਉਥੱਲ, ਹੰਗਾਲ ਮਾਰਿਆ ਹੈ,ਤਾਂ ਜੁ
ਜਿੰਨਾ ਵਧੀਕ ਅਸੀਂ ਚੀਜ਼ਾਂ ਦੇ ਨਵੇਂਪਨ ਵਿਚ ਰਚੀਏ,
ਓਨਾ ਘਟ ਅਸੀਂ ਉਨ੍ਹਾਂ ਦੇ ਅੰਦਰ ਝਾਕੀਏ!
ਜਨੌਰਾਂ ਤੇ ਕੀੜਿਆਂ-ਮਕੌੜਿਆਂ ਨੂੰ ਜਿਵੇਂ ਅਸਾਂ
ਜ਼ਾਬਤੇ ਵਿਚ ਲੈ ਆਂਦਾ ਹੈ, ਓਵੇਂ ਹੀ
ਮਨੁੱਖ ਨੂੰ ਵੀ। ਸੰਤਾਨ-ਸੰਜਮ ਦੇ
ਨਵੇਂ ਨਵੇਂ ਢੰਗ ਵੀ ਅਸਾਂ ਲਭ ਲਏ ਹਨ,
ਤੇ ਜਨਮ-ਮਰਨ ਦੀ ਚੁਰਾਸੀ ਹੁਣ ਰਬੜ ਦੇ ਇਕ ਯੰਤਰ ਵਿਚ ਹੀ ਕਟੀ ਜਾਂਦੀ ਹੈ!
ਤੇ ਜਿਹੜੇ ਫੇਰ ਵੀ ਜੀਊਣ ਲਈ ਗਰਭ ਵਿਚੋਂ,
ਜਿਵੇਂ ਕਿਵੇਂ, ਆਣ ਡਿਗਦੇ ਹਨ, ਕਿਸੇ ਅਣਚਾਹੇ ਖ਼ਿਆਲ ਵਾਂਗ,
ਉਨ੍ਹਾਂ ਲਈ ਅਸਾਂ ਬਿਜਲੀ ਦੇ ਉਡਵੇਂ ਸੱਪ ਵੀ
ਈਜਾਦ ਕਰ ਲੀਤੇ ਹਨ! ਹੁਣ ਜਿੱਥੇ ਕੋਈ ਜੀਊਂਦਾ ਬੈਠਾ ਹੈ,
ਉਥੇ ਹੀ ਨਪੀੜਿਆ ਜਾ ਸਕਦਾ ਹੈ!
ਦਰਦ ਵੇਖ ਕੇ ਦਿਲੇ ਨੂੰ ਪੀੜਨਾ
ਮਨੁੱਖਤਾ ਦੇ ਨਵੇਂ ਰਾਹਾਂ ਤੋਂ ਮਾਨੋਂ ਬੇਮੁਖ ਹੋਣਾ ਹੈ!
ਓ ਇਕੱਲ,
ਜਿਹੜੀ ਏਨੇ ਸਾਹ ਲੈਂਦੇ ਦਿਲਾਂ ਦੇ ਇਕੱਠ ਵਿਚ

ਏਨੀ ਤਿੱਖੀ ਮਹਿਸੂਸਦੀ ਹੈਂ!
ਹੇ ਜੀਵਨ ਦੇ ਛਲਵਲੀਏ ਉਛਾਲ,
ਜਿਹੜਾ ਆਪਣੇ ਕੰਢਿਆਂ ਨੂੰ ਹੀ
ਭੋਰ ਭੋਰ ਖੋਰਦਾ ਹੈ!

ਜੰਗ
ਹੁਣ ਸਾਡੀ ਖੰਡੇਧਾਰ ਸ਼ਾਂਤੀ ਦਾ ਪਹਿਰੇਦਾਰ ਹੈ!
ਹੁਣ ਮਨੁੱਖ ਆਹਮੋ-ਸਾਹਮਣੇ, ਹੱਥੋਂ ਹੱਥੀ,
ਨਹੀਂ ਖਹਿਬੜਦੇ, ਹੁਣ ਤਾਂ
ਅਣਦਿਸਦੇ ਬੇਦੋਸ਼ਿਆਂ ਉਤੇ ਅਸੀਂ
ਅਣਿਆਈ ਮੌਤ ਦਾ ਮੀਂਹ ਵਰਸਾਉਂਦੇ ਹਾਂ,
ਤਾਂ ਜੁ ਦਿਸਦੇ ਤੇ ਜਾਣੇ-ਪਛਾਣੇ ਮੁਜਰਮਾਂ ਦਾ ਬਚਾਉ ਹੋ ਸਕੇ!
ਹੁਣ ਸਾਨੂੰ ਕਿਸੇ ਨਾ ਕਿਸੇ ਬੇਚੈਨੀ ਦੀ ਉਡੀਕ ਤੇ ਉਤਸੁਕਤਾ
ਸਦਾ ਲਗੀ ਰਹਿੰਦੀ ਹੈ! ਹੁਣ ਤਾਂ
ਉਹ ਉਹ ਗੋਲੀਆਂ ਤੇ ਨਾਯਾਬ ਜ਼ਹਿਰਾਂ ਵੀ
ਹਥਿਆਉਣ ਲਗ ਪਈਆਂ ਹਨ, ਜਿਨ੍ਹਾਂ ਨਾਲ
ਮਨੁੱਖ ਦਾ ਆਤਮਕ ਅਨੁਭਵ ਅੰਦਰੋਂ ਲੌਂਕ ਪੈਂਦਾ ਹੈ!
ਨੌਜਵਾਨਾਂ ਨੂੰ ਹੁਣ ਪੁਰਾਤਨ ਕੁਦਰਤੀ ਬੀਮਾਰੀਆਂ ਨਹੀਂ ਉਡਦੀਆਂ ਆਣ ਲਗਦੀਆਂ,
ਹੁਣ ਤਾਂ ਉਹ ਆਤਮਘਾਤ ਕਰਨ ਵਿਚ
ਇਕ ਨਵੀਂ ਰੋਮਾਂਸ ਤੇ ਥਰਥਰੀ ਮਹਿਸੂਸ ਕਰਦੇ ਹਨ!
ਦੋ-ਦਲੀਲੇ, ਖ਼ਰੂਦ-ਪਾਟੇ, ਮਾਦਰ-ਪਿਦਰ-ਆਜ਼ਾਦ
ਅਸਾਡੇ ਨਵੀਨਤਮ ਕਲਾਕਾਰ ਹਨ! ਹੁਣ ਅਸੀਂ
ਦੂਜਿਆਂ ਦੀ ਚਖੀ ਕਾਮ ਦੀ ਚਾਸ਼ਨੀ ਦਾ ਘੁਟ,
ਦੋਹਰੇ ਸ਼ੀਸ਼ੇ ਵਿਚੋਂ, ਆਪਣੇ ਅੰਦਰ ਬੈਠੇ ਹੀ, ਪੀ ਸਕਦੇ ਹਾਂ!

ਮਨੁੱਖੀ ਉੱਨਤੀ ਦੀ ਹੋਰ ਕਿਹੜੀ ਮਿਸਾਲ
ਇਸ ਤੋਂ ਚੰਗੇਰੀ ਤੇ ਚਕਰਾਂਦੀ ਤੁਹਾਨੂੰ ਮਿਲ ਸਕੇਗੀ ?
ਅਸਾਂ ਪ੍ਰਣ ਕੀਤਾ ਹੈ ਆਪਣੇ ਪਰਦੇਸੀ ਮਨ ਨਾਲ,
ਕਿ ਆਪ ਅਸਾਂ ਚੁਣਨਾ ਕੁਝ ਵੀ ਨਹੀਂ! ਸੋ ਸਾਡੀਆਂ
ਨਿਤ-ਨਵੀਆਂ ਜ਼ੰਜੀਰਾਂ ਕੋਈ ਹੋਰ ਹੀ ਚੁਣਦਾ ਹੈ!
ਹਾਇ, ਕਿ ਸਾਡੀ ਆਤਮਕ ਸੁਤੰਤਰਤਾ ਦੇ ਘਾਇਕ ਹੀ
ਸਾਡੇ ਨਵਾਂ ਧਰਮਾਂ ਦੇ ਆਗੂ ਤੇ ਪਹਿਰੂਏ ਹਨ!
ਸਾਡੇ ਪਾਪ ਸਾਰੇ, ਹਰ ਦਿਨ ਚੜ੍ਹੇ, ਪੱਤਰਾਂ ਤੇ ਅਕਾਸ਼ਬਾਣੀਆਂ ਰਾਹੀਂ
ਨਸ਼ਰ ਹੁੰਦੇ ਹਨ, ਪਰ ਸੁਚੇ ਪਿਆਰ ਦੀ ਦਰਦ-ਕਥਾ ਨੂੰ
ਕੋਈ ਪਰਕਾਸ਼ਦਾ ਨਹੀਂ! ਦਿਲ ਦੀ ਵੰਝਲੀ ਦਾ
ਕੋਈ ਹਨੇਰਾ ਵੀ ਗਾਹਕ ਨਹੀਂ! ਹਾਇ, ਕਿ ਸਾਡੇ ਸਾਰੇ ਰੇਸ਼ਮ-ਕੀੜੇ
ਦੁਖਾਂਤ ਦੇ ਪੱਤਿਆਂ ਉਤੇ ਹੀ ਪਲਰਦੇ ਹਨ!
ਫੁੱਲ ਦੀ ਹਰ ਪੰਖੜੀ ਆਖਦੀ ਹੈ;
"ਇਕ ਦੂਏ ਤੋਂ ਵੱਖ ਹੋ ਜਾਣ ਵਿਚ ਹੀ ਸੁਤੰਤਰਤਾ ਦਾ ਸੁਆਦ ਹੈ!"
ਸਾਡੇ ਸਭ ਤੋਂ ਨਵੀਨ ਦੇਵਤੇ ਹਨ .
ਫ਼ੌਲਾਦ ਤੇ ਜਾਇਦਾਦ; ਸੱਟਾ ਤੇ ਘੱਟਾ। ਸਾਡੇ
ਨਵੀਨਤਮ ਪੇਸ਼ੇ ਹਨ; ਕਪੜੇ ਪਾਉਣਾ ਤੇ ਲਾਹੁਣਾ!
ਘਟੀਆ ਹੋਣਾ ਹੁਣ ਇਕ ਫ਼ੈਸ਼ਨ ਬਣ ਗਿਆ ਹੈ! ਖ਼ੂਬਸੂਰਤੀ ਤੋਂ
ਜਿਵੇਂ ਸਾਨੂੰ ਡਰ ਜਿਹਾ ਆਉਣ ਲਗ ਪਿਆ ਹੈ! ਹੁਣ
ਅਨਾਜ ਦੇ ਕਾਲ ਨਹੀਂ ਪੈਂਦੇ; ਹੜ੍ਹ ਨਹੀਂ ਰੋੜ੍ਹਦੇ; ਪਲੇਗ,
ਚੀਚਕ, ਕੋਹੜ ਤੇ ਮਲੇਰੀਏ ਦੀਆਂ ਦਲਦਲਾਂ
ਸਾਡਾ ਲਹੂ ਨਹੀਂ ਸੁਕਾਂਦੀਆਂ। ਹੁਣ ਦੇ ਸਰਬ-ਪ੍ਰਿਯ ਰੋਗ ਹਨ
ਬਹੁਤਾ ਖਾਣਾ, ਬਹੁਤਾ ਹੱਫਣਾ, ਬਹੁਤਾ ਉਡੀਕਣਾ।
ਮਸੂਮ ਦਿਲ ਦਾ, ਝਟਪਟ ਰਾਹ-ਜਾਂਦੇ,
ਪੀੜਿਆ ਜਾਣਾ! ਮਨ ਦਾ, ਦਾਲ ਵਾਂਗ, ਦੁਪਾਟ ਹੋ,
ਪਾਟ ਜਾਣਾ! ਖੰਡ ਦੀ ਚਾਸ਼ਨੀ ਦਾ ਗ਼ਲਤ ਥਾਂਵਾਂ ਤੋਂ ਵਗਦੇ ਹੋਣਾ!

ਜਿੰਨਾ ਵਧੀਕ ਕੰਮ ਕਰੋ, ਓਨਾਂ ਵਧੀਕ ਕਰ ਭਰੋ! ਜੀਵਨ
ਮਾਨੋਂ ਹਰ ਵੇਲੇ ਦਾ ਅੰਦਰੋਂ ਬਾਹਰ ਨਿਕਲ ਨਿਕਲ ਵਗਣਾ ਜਿਹਾ
ਬਣ ਗਿਆ ਹੈ! ਅੰਤਰ-ਆਤਮੇ ਦੀ ਏਕਾਂਤ ਦੀ ਲੋੜ
ਹੁਣ ਕਿਹਨੂੰ ਰਹਿ ਗਈ ਹੈ ਏਸ ਇਕੱਲਿਆਂ ਦੇ ਮੇਲੇ ਵਿਚ ?
ਅਸੀਂ ਸੂੰਦੇ ਹਾਂ, ਤਾਂ ਰੜੇ ਮੈਦਾਨ;
ਪਿਆਰ ਕਰਦੇ ਹਾਂ ਤਾਂ ਖੁਲ੍ਹਾ ਡੁਲ੍ਹਾ, ਅੱਖੀਆਂ
ਕਈਆਂ ਅੱਖੀਆਂ ਨੂੰ ਵਿਖਾ ਕੇ। ਤੱਲੀਆਂ ਅੱਡਦੇ,
ਅੱਡੀਆਂ ਰਗੜਦੇ ਤੇ ਅੰਤਲੇ ਸਾਹ ਵਿਲਕ ਵਿਲਕ
ਕਢਦੇ ਹਾਂ, ਤਾਂ ਜਨਤਾ ਦੀਆਂ ਚੌੜੀਆਂ ਦੰਦੀਆਂ ਸਾਹਮਣੇ!
ਹੁਣ ਕਾਇਨਾਤ ਦੇ ਸਿਰਮੋਰ ਮਨੁੱਖ ਵਿਚ
ਕੁਝ ਵੀ ਰਹੱਸ ਵਾਲਾ ਨਹੀਂ ਰਹਿ ਗਿਆ!
ਅੰਦਰ ਜੋ ਵਸਤ ਸਾਡੇ ਭਾਂਡੇ ਵਿਚ ਢਕੀ ਪਈ ਸੀ,
ਉਹਦੀ ਹੁੰਮਸ ਹੁਣ ਬਾਹਰ ਨਿਕਲ ਵਗੀ ਹੈ!
ਕੜ੍ਹੋ ਤੇ ਜੀਵੋ, ਜੀਵੋ ਤੇ ਕੜ੍ਹੋ
ਤੇ ਆਪਣਾ ਤਮਾਸ਼ਾ ਫਿਰ ਆਪ ਹੀ ਵੇਖ ਵੇਖ
ਸੜੋ! ਜੀਵਨ ਦੇ ਸਿਆਲੇ ਵਿਚ
ਆਪਣੇ ਹੀ ਹੱਡ ਜਾਲ ਕੇ, ਆਪ ਹੀ ਸੇਕੋ!
ਚਿੰਤਾ, ਇਕ ਤੋਂ ਪਿਛੋਂ ਦੂਜੀ ਨਾਲ
ਮਨ ਆਪਣੇ ਨੂੰ ਤੂੜੀ ਰਖੋ, ਕਿਉਂਜੁ
ਜੀਣ ਲਈ ਕਿਸੇ ਨਾ ਕਿਸੇ ਚੀਜ਼ ਦੇ ਸਿਮਰਨ ਦਾ ਬਹਾਨਾ ਤਾਂ
ਹਰੇਕ ਨੂੰ ਚਾਹੀਦਾ ਹੀ ਹੈ!

ਹੇ ਮਨ ਮੇਰਿਆ, ਹਰ ਅਨੰਤ ਦਾ ਵੀ
ਕਿਤੇ ਨਾ ਕਿਤੇ ਅੰਤ ਹੁੰਦਾ ਹੈ, ਭਾਵੇਂ ਉਹ
ਆਪਣੇ ਆਪ ਵਿਚ ਹੀ ਹੋਵੇ! ਜੇ ਤੇਰਾ ਕਿਤੇ ਨਹੀਂ,

ਤਾਂ ਆਪਾ ਆਪਣਾ, ਆਪਣੇ ਅੰਦਰ ਹੀ ਭੰਨ, ਤਰੁੰਡ ਕੇ,
ਸਮੇਟ ਲੈ, ਤੇ ਧਰਤੀ ਨੂੰ ਨਵ-ਜੀਵਨ ਦੀ ਸ਼ੁੱਛ ਪੌਣ ਦਾ ਸਾਹ ਤਾਂ ਆਉਣ ਦੇ!
ਏਨੇ ਭਰਵੇਂ ਤੇ ਮਰਦਾਂਵੇਂ ਪਲ ਤੇਰੇ ਧੁਰ-ਅੰਦਰ
ਆਪਣੀਆਂ ਬੇਧਿਆਨੀ ਮਾਰੀਆਂ, ਖੁਲ੍ਹੀਆਂ ਕਬਰਾਂ ਵਿਚ ਤੱਕਦੇ,
ਤੇਰੀ ਅੰਦਰਲੀ ਅੱਖ ਦਾ ਮੰਦ ਮੰਦ ਖੁਲ੍ਹਣਾ, ਉਡੀਕ ਰਹੇ ਹਨ,
ਪਰ ਹਾਇ ਅਫ਼ਸੋਸ ਕਿ ਤੈਨੂੰ ਉਨ੍ਹਾਂ ਦੀ
ਕੁਰਲਾਂਦੀ ਸੜਿਆਂਦ ਦੀ ਝੁੰਝਲਾਹਟ ਵੀ ਨਹੀਂ ਆਉਂਦੀ!
ਤੇਰੇ ਜੀਵਨ ਦਾ ਜਲੂਸ਼ ਤੇਰੇ ਅਗਿਉਂ ਸਮੂਲੜਾ
ਲੰਘ ਜਾਂਦਾ ਹੈ, ਪਰ ਤੈਨੂੰ ਪਤਾ ਓਦੋਂ ਹੀ ਲਗਦਾ ਹੈ,
ਜਦੋਂ ਮੰਦ ਮੰਦ ਹਿਲਦੀ ਸ਼ਾਖ਼ਾ ਉਤੋਂ
ਕੁਝ ਅੱਥਰੂ ਤ੍ਰਿਪ ਤ੍ਰਿਪ ਆਣ ਢਹਿੰਦੇ ਹਨ,
ਜੋ ਪਤਾ ਦੇਂਦੇ ਹਨ, ਕੁਝ ਇਵੇਂ
ਜਿਵੇਂ ਕੋਈ ਪੰਛੀ ਹੁਣੇ ਹੁਣੇ ਉੱਡ ਕੇ ਦੇਸ-ਬਦੇਸ਼ ਨੂੰ ਗਿਆ ਹੋਸੀ,
ਜਿਥੋਂ ਮੁੜ ਆਉਣਾ ਮਾਨੋਂ ਰੱਬ ਦੇ ਸ੍ਵਰਗ ਨੂੰ ਧਿਤਕਾਰਨਾ ਹੈ!
ਇਕ ਵੇਰ
ਭੱਖਦੇ ਕੋਲਿਆਂ ਦੀ ਛਾਤੀ ਪਾਟ ਚੁੱਕੀ ਹੈ,
ਉਨ੍ਹਾਂ ਦੀ ਮੋਈ ਮਿੱਟੀ ਹੁਣ ਤਿੱਖੀਆਂ ਹਵਾਵਾਂ ਦੀ ਉਡੀਕ ਵਿਚ ਹੀ
ਜੀਵਨ ਦਾ ਭੇਦ ਢੂੰਡ ਸਕਦੀ ਹੈ!
ਤੇ ਹਾਇ, ਕਿ ਜੋ ਸਾਡੇ ਪਿਛੋਂ ਆਉਂਦੇ ਹਨ, ਉਹ ਵੀ
ਉਥੋਂ ਹੀ ਸ਼ੁਰੂ ਕਰਦੇ ਹਨ ਤੇ ਓਥੇ ਹੀ
ਆਣ ਮੁਕਦੇ ਹਨ (ਪੱਥ ਭਾਵੇਂ ਉਨ੍ਹਾਂ ਦਾ ਕੋਈ ਵੀ ਹੋਵੇ)
ਜਿਸ ਦੀ ਪ੍ਰੇਸ਼ਾਨੀ ਤੇ ਪਸ਼ੇਮਾਨੀ
ਕਦੀ ਸਾਡਾ ਜੀਵਨ-ਪੰਧ ਬਣੀ ਸੀ!

*****

## ਇਕ ਰਿਕਸ਼ਾ-ਕੁਲੀ ਨੂੰ ਵੇਖ ਕੇ

ਇਕ ਗ਼ੁਸੈਲ, ਰੰਜੂਰ ਤੇ ਭੁੱਖੀ ਦੁਪਹਿਰ ਨੂੰ
ਜੋ ਲਾਲ-ਸੂਹੀ ਭੱਖਦੀ ਹੈ,
ਕਿਸੇ ਨਿਰਾਦਰੀ ਗਲ੍ਹ ਵਾਂਗ,
ਤੇ ਜਦੋਂ ਬਲਦੀ, ਹੱਥ-ਮਲਦੀ ਧਰਤੀ, ਹੁੱਸੜੀ ਹੋਈ,
ਸਾਹ ਲੈਂਦੀ ਹੈ, ਹਉਂਕ ਹਉਂਕ ਕੇ,
ਤੇ ਸਾਰੇ ਕਲਜੁਗੀ ਦਿਉਤੇ ਧਰਤੀ ਦੇ ਚੁਫਾਲ
ਸੁੱਤੇ ਪਏ ਸ਼ੂਕਦੇ ਹਨ, ਓਦੋਂ
ਸ਼ਿਮਲੇ ਦੀਆਂ ਉਤਰਾਈਆਂ, ਉਚਿਆਈਆਂ, ਉਤੇ
ਜਿੱਥੇ ਪਿੰਜਰ-ਨਿਕਲੀਆਂ ਪਹਾੜੀਆਂ,
ਨਵੇਂ ਪੋਚ ਦੀਆਂ ਸ਼ੁਕੀਨ ਕੁੜੀਆਂ ਵਾਂਗ,
ਝਾਕਦੀਆਂ ਹੈਣ, ਸਾਵੀਆਂ ਐਨਕਾਂ ਥਾਣੀ,
ਮੁਸ਼ਕ ਮੁਸ਼ਕ,
ਓਥੇ,
ਹਾਇ, ਇਹ ਕੌਣ ਘਸੀਟ ਰਿਹਾ ਹੈ, ਜਿੰਦ ਆਪਣੀ
ਸਮੇਤ ਸਾਰੀ ਆਤਮਾ ਦੇ,
ਪਾਟੇ, ਥਿੰਦੇ, ਮਿਟਿਆਲੇ ਚੀਥੜਿਆਂ ਵਿਚ ਵਲ੍ਹੇਟੀ
ਆਪਣੇ ਹਉਂਕਦੇ ਫੇਫੜਿਆਂ ਦੇ ਪੈਰਾਂ ਉਤੇ
-ਤੇ ਜੀਭ ਇਸ ਦੀ ਇੰਜ ਮੰਦ ਮੰਦ ਬਾਹਰ ਲਮਕ ਰਹੀ ਹੈ ਜਿਵੇਂ ਕੋਈ
ਅੱਧ-ਰੋਇਆ ਅੱਥਰੂ ਹੋਵੇ-
ਇਕ ਖੁਲ੍ਹੇ ਪਿੰਜਰੇ ਵਿਚ ਸਜਾਈ
ਇੱਕ ਕਿਸੇ ਅਸਾਧਾਰਨ ਜਿਹੀ ਸਵਾਰੀ ਦੇ ਭਾਰ ਨੂੰ
ਜਿਸ ਦੀਆਂ ਬਹੀਆਂ ਲੱਤਾਂ

ਕੋਈ ਉਸਾਰੂ ਕੰਮ ਨਾ ਕਰਨ ਦੇ ਕਾਰਨ
ਅਰਾਮ ਮੰਗਦੀਆਂ ਹਨ!
ਅੱਗੇ ਅੱਗੇ ਇਸ ਸਵਾਰੀ ਦੇ ਟੱਲੀ ਛਣਕ ਰਹੀ ਹੈ,
ਜੋ ਕੂਕਦੀ, ਕੁਰਲਾਂਦੀ ਹੈ, "ਹੱਟ ਜਾਓ, ਅੱਗੋਂ ਹੱਟ ਜਾਓ।"
ਪਰ ਨਾ ਹੀ ਆਦਤ-ਬਝਾ, ਮਨੁੱਖ ਅਗੇ ਜੁੱਤਿਆ
ਇਹ ਮਨੁੱਖ-ਬੈਲ
ਆਪਣੇ ਰਾਹ ਤੋਂ ਹੱਟਦਾ,
ਤੇ ਨਾ ਹੀ ਇਸਦੀ ਪਾਲਤੂ ਸੰਢੇ ਦੀ ਸਵਾਰੀ ਦਾ ਭਾਰ
ਇਸ ਤੋਂ ਕੋਈ ਪ੍ਰੀਣਾਮ ਨਵਾਂ ਸਿੱਖਦਾ!

ਹਾਇ,
ਇਹ ਵਿਚਾਰਾ ਤਾਂ ਵੇਖਦਾ ਹੈ
ਕੇਵਲ ਆਪਣੇ ਅੱਗੇ ਵਿਛੇ ਸਦੀਵ-ਕਾਲ ਦੇ ਪੈਂਡੇ ਨੂੰ
ਜਿਸ ਨੂੰ ਹਰ ਚੜ੍ਹੇ ਸੂਰਜ ਇਹ ਮੁੜ ਮੁੜ ਕੱਛਦਾ ਹੈ
ਪਰ ਜਿਹੜਾ ਕਦੀ ਮੁੱਕਦਾ ਨਹੀਂ,
ਜਿਵੇਂ ਜੀਵਨ ਕੋਈ ਅਮੁੱਕ ਤੇ ਅਨੰਤ ਪੈਂਡਾ ਹੋਵੇ!

ਇੱਕ ਗੁਮਨਾਮ ਤੀਵੀਂ,
ਇੱਕ ਕਿਸੇ ਗੁਮਨਾਮ ਝੁੱਗੀ ਵਿਚ ਬੈਠੀ
ਉਡੀਕਦੀ ਹੈ ਸੰਝਾਂ ਪਈਆਂ, ਤਾਰਿਆਂ ਦੀ
ਮੱਧਮ, ਸੁੱਤੀ ਲੋਅ ਵਿਚ
ਆਪਣੇ ਇਸ ਨਿੱਤ ਗੰਗਾ-ਗਏ ਕਾਹਨ ਨੂੰ !
ਕੁਝ ਹੋਰ ਹੱਡੀਆਂ ਦੀਆਂ ਨਿੱਕੀਆਂ ਨਿੱਕੀਆਂ ਮੁੱਠੀਆਂ ਸਮੇਤ,
-ਜੋ ਆਖਦੇ ਹਨ, ਸਾਰੀਆਂ ਹੀ ਰੂਹਾਂ,
ਨਾਲੇ ਰੱਬ ਦਾ ਰੂਪ ਹਨ-
ਹਾਇ ਉਹ ਜੀਵਨ ਨੂੰ ਕਿਤਨਾ ਪਿਆਰਦਾ ਹੈ।
ਸ਼ਾਇਦ ਇਸੇ ਲਈ ਜੀਵਨ ਉਸ ਨੂੰ ਇਤਨਾ ਧਿਤਕਾਰਦਾ ਹੈ!

ਹਰ ਸਵੇਰ ਨੂੰ, ਉਹ ਉੱਭੇ ਸਾਹ ਲੈਂਦਾ
ਹਫਿਆ ਹਫਿਆ ਦੌੜਦਾ ਹੈ
ਆਪਣੇ ਪੂਜਯ ਦੇਵੀ-ਦੇਵਤਿਆਂ ਦੇ ਮੰਦਰਾਂ ਨੂੰ,
ਅਤੇ ਨਿਤਾਪ੍ਰਤ ਚੜ੍ਹਾਵੇ ਚਾੜ੍ਹਦਾ ਹੈ
ਤਾਂਬੇ ਦੇ ਲਹੂ-ਰੱਤੇ ਪੈਸਿਆਂ ਦੇ,
ਆਪਣੇ ਚਿਰ-ਮੋਇਆਂ ਪਿਤਰਾਂ ਦੇ ਅੰਨ੍ਹੇ ਖੂਹ ਉਤੇ!
ਤਾਂ ਜੁ ਢੋਆ-ਢੁਆਈ ਜੀਵਨ-ਭਰ ਉਸ ਦੀ ਕਦੀ ਨਾ ਮੁਕੇ
ਤੇ ਦੇਹੀ ਉਸ ਦੀ ਨਿਤ ਆਪਣੀ ਆਤਮਾ ਦੀ
ਚਿੱਟੀ ਛਾਤੀ ਨੂੰ ਨਪੀੜ ਕੇ,
ਰਾਤ ਦੀ ਸੌੜੀ, ਭੀੜੀ, ਕਾਲੀ ਤੇ ਖੰਡੇਹਾਰ
ਕੁੱਖ ਵਿਚ ਆਰਾਮ ਕਰ ਸਕੇ!
ਤਾਂ ਜੁ ਠੰਢਾ ਕਾਸ਼ਨੀ ਚੰਨ
ਉਸ ਦੀਆਂ ਪਿਚਕੀਆਂ ਗੱਲ੍ਹਾਂ ਨੂੰ ਕਦੀ ਨਾ ਛੋਹਵੇ-
ਤੇ ਉਹ ਜੀਵਨ ਨੂੰ ਜਿਤਨਾ ਚਾਹਵੇ,
ਉਤਨਾ ਹੀ ਉਸ ਦਾ ਪਾਣੀਹਾਰ ਹੋਵੇ!

*****

## ਮੀਂਹ ਆਇਆ

(ਇਕ ਦਿਹਾੜੀਦਾਰ ਮਜ਼ਦੂਰ ਦੀ ਨਜ਼ਰ ਬਾਣੀ)

ਪਾਟ ਪਈ ਬੁੱਢੀ ਛਾਤੀ ਆਕਾਸ਼ਾਂ ਦੀ,
ਮੀਂਹ ਵਸਿਆ ਛੰਮ-ਛੰਮ।
ਬਦਲੋਟੀ ਦੀਆਂ ਫੁੱਟੀਆਂ ਰਿੜਕਣ
ਨੀਲ-ਚਟੂਰੀ ਅੰਦਰ ਘੁੰਮ ਘੁੰਮ।
ਹੜ੍ਹੜ੍ਹਾਇ, ਹੜ੍ਹ ਆਇਆ,
ਖੋਲ੍ਹ, ਜਬਾੜੇ ਅਪਣੇ,
ਸ਼ੂੰਕੇ, ਤਰੂਏ,
ਪਾਂਦਾ ਘੁੰਮਰ।
ਮਿੱਟੀ ਵਾਂਗ, ਮਸੂਮ ਦਿਲਾਂ ਦੀ,
ਧੱਕ ਧੱਕ ਠੰਢੀ ਹੋਵੇ,
ਰੱਬ ਦੇ ਚਿੱਕੜ ਅੰਦਰ!

ਗਈ ਦਿਹਾੜੀ ਮਾਰੀ,
ਸਾਹੋ ਸਾਹੀ ਮੈਂ ਕਰਾਂ ਜੁਗਾਲੀ,
ਰੋਟੀ ਮਿਲੀ ਉਧਾਰੀ।
ਰੁੱਸਾਂ, ਲੜਾਂ, ਖਿਲਾਰਾਂ ਬਾਹਾਂ,
ਵਲ ਆਕਾਸ਼ਾਂ ਸੁੱਕੀਆਂ ਲੱਤਾਂ ਮਾਰਾਂ,
ਜਿਨ੍ਹਾਂ ਆਪਣਾ ਬਦਲਾ ਲੀਤਾ,
ਅਣਜਾਣੇ, ਅਣਹੋਇ ਪਾਪ ਦਾ,
ਝੁੰਬ ਮਾਰ ਕੇ ਕਾਲੀ।
ਜਿਵੇਂ ਕਿਸੇ ਨੇ ਆਣ ਰਾਤ ਦੀ ਧੌਣ ਨਚੋੜੀ,

ਤੇ ਉਹ ਵੱਗੀ,
ਜੀਕੂੰ ਗੰਦੀ ਨਾਲੀ।

ਛੱਤ ਚੋਂਦੀ ਹੈ ਮੇਰੀ,
ਵਾਂਗ ਪੱਕੇ ਹੋਇ ਫੋੜੇ।
ਮੋਰ ਜੇ ਨੱਚਿਆ ਨੰਗਾ
ਕਿਸੇ ਮੋਰਨੀ ਨੂੰ ਰੀਝਾਉਣ,
ਤਾਂ ਉਹ ਕਿਧਰੇ ਦੂਰ, ਇਕੱਲਾ।
ਮੈਂ ਤਾਂ ਸੁਣੀ "ਟਰਾਊਂ-ਟਰਾਊਂ" ਜਾਂ ਡਡੂਆਂ ਸੰਦੀ,
ਤੇ ਜਾਂ ਚੂਹੇ
ਗੰਦ ਦੇ ਪੀਪੇ ਅੰਦਰ ਘੁਸਰੇ
ਕੁਤਰ ਕੁਤਰ ਕੁਝ ਕਰਦੇ ਵੇਖੇ;
ਜਿਵੇਂ ਕੋਈ ਤਫ਼ਤੀਸ਼ ਕਰੇ,
ਕਾਲੀ ਮੰਡੀ ਦੀ!
ਜਾਂ ਫਿਰ ਮੱਛਰ,
ਵਾਂਗ ਮਾਲਸ਼ੀ,
ਹੌਲੀ ਹੌਲੀ,
ਨੰਗਾ ਪਿੰਡਾ ਖੁਰਕਣ
ਭਿੰਨਭਿੰਨਾਉਣ, ਨਾਲੇ ਗੁਟਕਣ,
ਨਾਲੇ ਮਾਸ ਖਰੋਚਣ।

ਦੂਜੇ ਦੇ ਗੰਦ ਉਤੇ ਪਲਦੀ ਕੀੜ-ਲੁਕਾਈ,
ਘੂੰ ਘੂੰ ਕਰਦੀ ਡਿੱਠੀ!
ਨਵੇਂ ਨਾਲ ਜਦ ਧੁਪੇ ਪੁਰਾਣਾ,
ਉਸ ਦੀ ਹੁੰਮਕ ਉੱਠੀ!
ਰੱਬ ਡਿੱਠਾ, ਤਾਂ ਵਾਂਗ ਪਸੀਨੇ,

ਆਪੇ ਫੁਟਿਆ
ਆਪੇ ਅੰਦਰ ਘੁਲਿਆ!
ਜਿੰਨੇ ਅਖਾਣ ਚੜ੍ਹੇ ਸਨ ਮੂੰਹ 'ਤੇ, ਸਭ ਦੀ ਕੱਲੀ ਖੁਲ੍ਹੀ!
ਚੁੰਝਲੇ, ਮਾਰੂ ਪੰਛੀ
ਜੀਵਨ ਦੀਆਂ ਖੁੰਘਾਂ ਵਿਚ ਲੁਕਦੇ ਵੇਖੇ,
ਤਾਂ ਜੁ ਝਪਟਣ ਅਚਣਚੇਤ, ਅਣਵੇਖੇ!
(ਇਕ) ਸੂਫ਼ੀ ਰੁੱਖ, ਜੜ੍ਹਾਂ ਸੰਗ ਲਪਟੇ, ਨੰਗੇ, ਪਰ ਬੇਖ਼ੌਫ਼ ਖੜੋਤੇ ਤੱਕੇ!
ਜਾਂ ਫਿਰ ਸ਼ੁਕਰ-ਭਰੇ ਹੱਥਾਂ ਵਿਚ
ਜੋ ਆਇਆ, ਉਹ ਜਾਣ ਪੜੱਛਦੇ,
ਕੋਮਲ, ਕੋਮਲ ਪੱਤੇ!

****

## ਸ਼ਰਾਬੀ

ਉਹ ਮੈਨੂੰ ਮਿਲਿਆ ਸੀ, ਇਕ ਮੰਦ ਮੰਦ ਰੋਸ਼ਨਾਈ ਗਲੀ ਦੇ
ਲੜਖੜਾਂਦੇ ਹਨੇਰੇ ਵਿਚ, ਓਦੋਂ ਜਦੋਂ
ਰਾਤ ਦਾ ਪਾਪੀ ਪੱਖ ਜਵਾਨ ਹੁੰਦਾ ਹੈ। ਨਸ਼ੇ-ਚੂਰ ਹੋਇਆ,
ਤਾਕਤ ਦੇ ਕਹਿਰ ਵਾਂਗ। ਤ੍ਰਾਹੀਆਂ ਅੱਖੀਆਂ ਵਾਂਗ,
ਵਾਲ ਉਹਦੇ ਸਨ ਬਿਖਰੇ, ਭੌਂਦਲੇ। ਆਪਣੀ ਭੱਖਦੀ ਅੱਖ,
ਇਕ ਗੁਸਤਾਖ਼ ਠੁੱਡੇ ਵਾਂਗ,
ਮੇਰੀਆਂ ਭੁਚਲਾਈਆਂ ਅੱਖੀਆਂ ਵਿਚ ਸੀਖ਼ ਕੇ,
ਉਹ ਗਰਜਿਆ, ਜਿਵੇਂ ਕੋਈ ਰਾਤ ਦਾ ਪਹਿਰੂਆ ਹੋਵੇ
"ਖ਼ਬਰਦਾਰ, ਠਹਿਰੋ, ਕੌਣ ਹੈਂ ਤੂੰ ਮਰਦੂਦ ਦਾ ਬੱਚਾ
ਏਸ ਵੇਲੇ ਖਸਰ ਖਸਰ ਕਰਦਾ ਲੰਘਦਾ!"
"ਰੱਬ ਦਾ ਇਕ ਬੰਦਾ," ਮੈਂ ਉਸ ਨੂੰ ਡਾਢੀ ਨਰਮਾਈ ਨਾਲ ਆਖਿਆ,

ਡਰਦਿਆਂ ਡਰਦਿਆਂ!
"ਹਲਾ ? ਤਾਂ ਮੈਂ ਤੇਰਾ ਰੱਬ ਹਾਂ, ਤੈਨੂੰ ਹੀ ਭਾਲ ਰਿਹਾ ਸਾਂ!
ਮੈਂ ਰੱਬ ਹਾਂ ਤੇਰੀ
ਰਾਤ ਦਾ, ਜਿਹੜਾ ਚੋਰੀ, ਯਾਰੀ, ਸੰਨ੍ਹਮਾਰੀ, ਧਾੜੇ ਤੇ ਗਲਕਟੀ ਉਤੇ
ਰਾਜ ਕਰਦਾ ਹੈ, ਤੇ ਮਨੁੱਖ ਦੀਆਂ ਸਾਰੀਆਂ ਸੱਭਯ ਚਾਲਾਕੀਆਂ ਨੂੰ,
ਇੱਕੋ ਹੁਝਕੇ ਨਾਲ, ਉਸ ਦੀਆਂ ਕਾਲੀਆਂ ਆਂਦਰਾਂ ਵਿਚੋਂ,
ਬਿਨਾਂ ਹਿਚਕਚਾਹਟ ਜਾਂ ਕਚੀਚੀ ਦੇ, ਬਾਹਰ ਘਸੀਟ ਲਿਆਉਂਦਾ ਹੈ!
ਤੇ ਮੈਨੂੰ ਕੋਈ ਪ੍ਰਵਾਹ ਨਹੀਂ ਕਿ ਤੂੰ ਬੰਦਾ ਹੈਂ ਕਿ ਕੁਬੰਦਾ, ਰੱਬ ਦਾ ਹੈਂ
ਜਾਂ ਆਪਣੀ ਰੰਨ ਦਾ।.....''

ਤੇ ਉਸ ਨੇ ਮੈਨੂੰ ਇਕ ਅਜੇਹੀ ਨੰਗੀ ਗਾਲ੍ਹ ਕਢੀ,
ਵਾਸ਼ਨਾ ਦੀ ਭਰੀ ਹੋਈ, ਮਰਦਾਂਵੇਂ
ਸੁਆਦ ਵਿਚ ਲਪੇਟ ਕੇ, ਜਿਵੇਂ ਉਹ ਕਿਸੇ ਧਰਮ-ਗ੍ਰੰਥ ਵਿਚੋਂ, ਚੋਂਦੀ ਚੋਂਦੀ,
ਚੁਣ ਕੇ ਲਿਆਇਆ ਹੋਵੇ!
ਤੇ ਉਹ ਬੋਲਦਾ ਗਿਆ; "ਰੱਬ ਦਾ ਬੱਚਾ ਨਾ ਹੋਵੇ ਤੇ!
ਰੱਬ! ਰੱਬ! ਰੱਬ! ਜਿਹੜਾ ਘੜਦਾ ਹੈ, ਤੇ ਫਿਰ ਵਿਨਾਸ਼ ਕਰਦਾ ਹੈ,
ਜਿਵੇਂ ਉਹ ਕੋਈ ਭੂਤਨਾ ਹੋਵੇ। ਵੇਖ, ਕਿ ਨਾ ਤੇਰੇ ਰੱਬ ਵਿਚ
ਹਿੰਮਤ ਹੈ ਕੁਝ ਚੁਣਨ ਦੀ, ਜਾਂ ਖੇਡ ਖੇਡਣ ਦੀ, ਤੇ ਨਾ ਹੀ
ਤੇਰੇ ਵਿਚ! ਮੇਰੇ ਵਿਚ ਦੋਵੇਂ ਹਨ। ਮੈਂ ਵਿਹਲੜ ਨਹੀਂ, ਤੇਰੇ ਰੱਬ ਵਾਂਗ,
ਰਾਤ ਨੂੰ ਵੀ ਮੈਂ ਦਸਾਂ ਨਹੁੰਆਂ ਦੀ ਕਿਰਤ ਕਰਦਾ ਹਾਂ,
ਤੇ ਜੋ ਕੁਝ ਵੀ ਕਰਾਂ ਜਾਂ ਕਵ੍ਹਾਂ, ਦਾਰੂ ਦਾ ਬੁੱਕ ਪੀ ਕੇ
ਉਸ ਨੂੰ ਭੁੱਲ ਜਾਂਦਾ ਤੇ ਮੁਆਫ਼ ਕਰ ਦੇਂਦਾ ਹਾਂ! ਪਰ ਤੇਰਾ ਰੱਬ
ਕਿੰਨਾ ਕਮੀਨਾ ਹੈ! ਨਾ ਕੁਝ ਭੁੱਲਦਾ ਹੈ, ਨਾ ਮੁਆਫ਼ ਕਰਦਾ ਹੈ!
ਫੇਰ ਮੈਂ ਕੀ ਤੇਰੇ ਰੱਬ ਤੋਂ ਵੀ ਮਹਾਨ ਨਹੀਂ?

"ਜੇ ਮੈਂ ਨਾ ਹੋਵਾਂ ਤਾਂ ਕੀ ਰਹਿ ਜਾਇ
ਤੇਰੇ ਰੱਬ ਪਾਸ ਇਨਸਾਫ਼ ਕਰਨ ਲਈ, ਚੁਣਨ ਲਈ, ਸਾਂਭ-ਸੰਭਾਲ,
ਤੇ ਜੂਝਣ ਲਈ, ਇਨਾਮ ਵੰਡਣ ਤੇ ਦੰਡ ਦੇਣ ਲਈ ?
ਨਾ ਮਸਜਿਦ ਰਹੇ, ਨਾ ਮੰਦਰ, ਨਾ ਪ੍ਰਾਸਚਿਤ, ਨਾ ਪ੍ਰਾਰਥਨਾ,
ਨਾ ਦਰਸ਼ਨ, ਨਾ ਸ਼ਾਸਨ, ਨਾ ਜੰਗ ਤੇ ਨਾ ਹੀ ਜ਼ਿੰਦਗੀ ਦੇ ਬੇਬਹਾਰੇ ਰੰਗ,
ਤੇ ਮਨੁੱਖ ਇਵੇਂ ਰਹਿ ਜਾਇ ਜਿਵੇਂ ਕੋਈ ਪਵਿੱਤ੍ਰ ਖੰਡਰ ਹੁੰਦਾ ਹੈ!
ਸੋ ਮੈਂ ਤੈਨੂੰ, ਤੇ ਤੇਰੇ ਰੱਬ ਨੂੰ
ਜੀਣ ਤੇ ਖ਼ਬਰਦਾਰ ਰੱਖਣ ਦਾ ਇੱਕੋ ਇੱਕ ਵਸੀਲਾ ਹਾਂ।"

"ਤੂੰ ਵੀ ਪੀਂਦਾ ਹੈਂ ਕਿ ਨਹੀਂ ?" ਉਸ ਨੇ ਇਕ ਭਿਆਨਕ ਗਰਜਵੀਂ ਆਵਾਜ਼ ਵਿਚ ਪੁੱਛਿਆ, ਜਿਵੇਂ ਕਿਸੇ ਕਾਲ-ਮੂੰਹੀ ਰਾਤ ਨੇ ਇਕ ਬਲਦੀ ਰੱਤੀ ਜੀਭ ਅਚਾਨਕ ਬਾਹਰ ਲੰਮੀ ਕਰ ਦਿੱਤੀ ਹੋਵੇ!
ਮੈਂ ਪਾਟਦੇ ਡਰ ਨਾਲ ਨਾਂਹ ਵਿਚ ਸਿਰ ਹਿਲਾਇਆ।
"ਨਹੀਂ ? ਤਾਂ ਤੂੰ ਕੋਈ ਛੁਪਿਆ ਹੋਇਆ ਧ੍ਰੋਹੀ ਹੈਂ, ਨਿੱਕੀਆਂ ਨਿੱਕੀਆ ਚੋਰੀਆਂ ਕਰਨ ਵਾਲਾ, ਕੋਈ ਪਵਿੱਤ੍ਰ ਲਿੰਗ-ਅਭਿਆਸੀ, ਭੇਦ ਦੀ ਕੋਈ ਮਰੋੜੀ ਹੋਈ ਗੰਢ, ਇਕ ਝੂਠਾ ਪਹਿਰਾਵਾ ਜਿਹਾ! ਤੂੰ ਕੋਈ ਬੰਦੇ ਦਾ ਮਰਦਾਂਵਾਂ ਪੁੱਤਰ ਨਹੀਂ ਹੋ ਸਕਦਾ! ਵੇਖਦਾ ਨਹੀਂ ਤੂੰ, ਤੇਰਾ ਰੱਬ ਵੀ ਹਰ ਵੇਲੇ ਨਸ਼ੇ-ਚੂਰ ਰਹਿੰਦਾ ਹੈ, ਤੇ ਤੇਰੀ ਕੱਖ ਦੇ ਤੀਲੇ ਜਿੰਨੀ ਵੀ ਪ੍ਰਵਾਹ ਨਹੀਂ ਕਰਦਾ ? ਰੱਬ! ਰੱਬ! ਰੱਬ! ਬੁੱਕਲ ਦਾ ਸੱਪ, ਪਾਪੀ, ਮਰਦੂਦ, ਜੋ ਹਰ ਵੇਲੇ ਪਿੱਠ ਪਿਛੇ ਛੁੱਪ ਕੇ ਛੁਰੀ ਮਾਰਦਾ ਹੈ, ਧਿਤਕਾਰ ਹੈ ਮੇਰੀ ਐਸੇ ਸਰਾਪੇ ਹੋਇ ਰੱਬ ਨੂੰ!"
ਤੇ ਫਿਰ ਉਹ ਹੱਸਿਆ, ਕਹਿਰ ਵਾਂਗ, ਜਿਵੇਂ ਉਹ ਕੋਈ ਸਜਰੀ ਪਾਟੀ ਹੋਈ ਖੋਪਰੀ ਹੋਵੇ!

"ਆ ਦੋਵੇਂ ਹੱਥ ਮਿਲਾਈਏ!" ਉਸ ਨੇ ਕੁਝ ਲੋਰ ਜਿਹੇ ਵਿਚ ਆ ਕੇ, ਠੱਠੇ ਨਾਲ, ਆਪਣਾ ਕੰਬਦਾ ਸੱਜਾ ਹੱਥ ਮੇਰੇ ਵਲ ਵਧਾ ਕੇ ਆਖਿਆ। ਤੇ ਜਿਉਂ ਹੀ ਮੈਂ ਮਿਲਾਣ ਲਈ ਡਰਦੇ, ਕੰਬਦੇ, ਹੱਥ ਅੱਗੇ ਵਧਾਇਆ, ਤਾਂ ਉਸ ਨੇ ਆਪਣਾ ਝਟ ਪਿੱਛੇ ਕਰ ਲਿਆ।
"ਦੌੜ ਜਾ ਇੱਥੋਂ," ਉਹ ਕੜਕਿਆ,
"ਤੇਰੇ ਮੂੰਹ 'ਚੋਂ ਬਦਬੂ ਆ ਰਹੀ ਹੈ ਜੂਠਿਆਂ ਟੁਕੜਿਆਂ ਦੀ, ਤੇ ਮੈਂ ਆਪਣਾ ਪਵਿੱਤਰ, ਸ੍ਵੈ-ਅਭਿਮਾਨ ਨਾਲ ਸਾਧਿਆ ਹੱਥ ਤੇਰੇ ਕੰਬਦੇ ਚਿੱਕੜ ਨਾਲ ਨਹੀਂ

ਲਬੇੜਨਾ ਚਾਹੁੰਦਾ!"
ਤੇ ਉਹ ਮੈਨੂੰ ਉਥੇ ਹੀ ਛੱਡ ਗਿਆ,
ਕਹਿਕਦਾ, ਘੁਰਕੀਆਂ ਵੰਡਦਾ, ਸਰਾਪ ਦੇਂਦਾ, ਤੇ ਮੈਂ
ਕੁਝ ਵਿਸਮਾਦ ਜਿਹੇ ਵਿਚ ਆਇਆ,
ਰੱਬ ਦੀ ਅਨੰਤ ਲੀਲ੍ਹਾ ਵੇਖ ਵੇਖ ਕੇ!

****

## ਦੀਵਾਰ

(ਇਕ ਅਛੂਤ ਦਾ ਗੀਤ)

ਮੈਂ ਨਿੰਮਿਆਂ ਸਾਂ ਵਾਂਗ ਧੜਕਦੇ ਜੀਵਨ,
ਪਰ ਜੰਮਿਆਂ ਤਾਂ ਜਿਵੇਂ ਕੋਈ ਦੀਵਾਰ ਖੜੋਤੀ!
ਤੇ ਹੁਣ ਪ੍ਰੀਤ, ਸੁੰਞ ਦੇ ਵਾਂਗੂੰ,
ਤਿਰੇ ਮਿਰੇ ਵਿਚਕਾਰ ਖੜੋਤੀ!

ਨਾ ਮੈਂ ਚੁਣਿਆ ਕੁਖ ਆਪਣੀ ਨੂੰ,
ਨਾ ਹੀ ਰੱਬ ਦੀ ਸਿਦਕੋਂ-ਹੀਣ ਮੜ੍ਹੀ ਨੂੰ,
ਨਾ ਹੀ ਕੌਮ ਕਿਸੇ ਦੇ ਪਾਟੇ ਦਿਲ ਲਈ ਲੀਤਾ ਵੀਜ਼ਾ
ਮੈਂ ਆਇਆ ਰੰਗੀਨ ਸੁਪਨਿਆਂ ਵਿਚ ਸਮੋਇਆ,
ਜਿੰਦ-ਵਹੁਟੀ ਨੂੰ ਡੋਲੀ ਪਾਇਆ।
ਪਰ ਸਾਂਝੇ ਘਰ ਦਾ ਵਿਹੜਾ ਸੁੰਞਾ, ਕਾਲਾ, ਠੰਢਾ,
ਆਖਣ;
"ਇਹ ਕੀ ਜਾਦੂਗਰਨੀ ਨਾਲ ਲਿਆਇਆ ?"

ਇਕ ਗੁਸੈਲ ਚੁੱਪ
ਹੁਣ ਠੇਡੇ ਮਾਰੇ।
ਜਾਂ ਪਰਛਾਂਵੇਂ ਘੂਰ ਘੂਰ ਕੇ ਲੰਘਣ!
ਜੀਵਨ ਜਿਵੇਂ ਨਿਹੋਂਦਾਂ ਦੀ ਦਿਲ-ਮਿਲਣੀ ਹੋਵੇ!
ਤੇ ਮੈਂ 'ਕੱਲਾ,
ਆਪਣੇ ਹੀ ਬੂਹੇ 'ਤੇ ਹਾਂ ਪਰਦੇਸੀ ਬੈਠਾ,
ਜਿਸ ਦੇ ਅੰਦਰ ਬਾਹਰ
ਪਹਿਰਾ ਦੇਂਦੀਆਂ ਕੁਝ ਦੀਵਾਰਾਂ!
ਤੇ ਮੈਂ ਡਰਿਆ ਆਪ ਆਪਣੇ ਕੋਲੋਂ
ਦੌੜ ਦੌੜ ਕੇ ਸੁਪਨਿਆਂ ਦੀ ਬੁੱਕਲ ਵਿਚ ਝਾਕਾਂ!
ਅਸਮਾਨਾਂ ਵਲ ਬਾਹਾਂ ਪਸਾਰਾਂ,

ਜਿਥੇ ਫ਼ਰਿਸ਼ਤੇ ਸਭੇ ਸ੍ਵੈ-ਭਰੋਸੇ ਤੋਂ ਵਾਂਜੇ,
ਤਰਸ-ਭਰੀ ਜ਼ਹਿਮਤ ਦੇ ਮਾਰੇ,
ਦੋ ਭਾਗਾਂ ਵਿਚ ਮੈਨੂੰ ਵੰਡਣਾ ਲੋਚਣ
ਤੇ ਹਰ ਸੁਪਨੇ ਮੇਰੇ ਨੂੰ
ਅੱਧ ਵਿਚੋਂ ਚੀਰਨ,
ਤੇ ਮੈਨੂੰ ਮੇਰੇ ਤੋਂ
ਵਖਰਾ ਰਹਿਣ ਸਿਖਾਵਣ

ਹੇ ਖੰਭਿਹਾਲੀ ਮਿੱਟੀ,
ਜਿਸ ਨੇ ਵਖਰਾਈ, ਭੁਰਵੀਂ ਉਚਿਆਈ
ਦਾ ਇਕ ਅੰਨ੍ਹਾ ਜਾਲਾ,
ਗੁੰਮ ਸੁੰਮ ਜਿਹਾ ਉਣਿਆ!
ਆਸ ਪਾਸ ਜਿਸ ਦੇ ਇਕਲਾਪੇ ਘੁੰਮਣ,
ਜਾਂ ਸਿਰ-ਖੁਥੀਆਂ, ਨੰਗੀਆਂ, ਸ਼ੂੰਕਣ 'ਵਾਵਾਂ!

ਹੇ ਪੈਰੇਂ-ਵਾਹਣੀ ਹੋਣੀ!
ਹੇ ਪ੍ਰੀਤ, ਲੋਹੇ ਦੇ ਖ਼ੋਲ ਜੜ੍ਹੀ!
ਹੇ ਬਿਨਾਂ-ਨੁਹਾਰੋ, ਚਿੱਟਿਓ ਰੰਗੋ!
ਹੇ ਉੱਜਲੇ, ਅੱਖੜੀ-ਹੀਣ ਵਿਚਾਰੋ!
ਕੀ ਮੇਰੇ ਇਸ ਚੰਨ-ਮੱਥੇ ਲਈ
ਜੱਗ ਨੇ ਘੜੀਆਂ
ਕੇਵਲ
ਕੰਧਾਂ ?
ਕੰਧਾਂ ?
ਕੰਧਾਂ ?
*****

## ਪਿਤਾ ਦੀ ਮੌਤ ਉਤੇ

(ਜਵਾਹਰ ਲਾਲ ਨਹਿਰੂ ਦੀ ਸਦੀਵੀਂ ਮਿੱਠੀ ਯਾਦ ਨੂੰ ਸਮਰਪਨ)

ਪਿਤਾ ਸਦਾ ਸੀ ਦੂਰ ਵਸੰਦਾ,
ਵਾਂਗ ਆਤਮਾ
(ਪਰ) ਜਦ ਬੁੱਝੀ ਓਸ ਦੀ ਜੋਤ
ਤਾਂ ਲੱਗਾ ਅਤਿ ਨੇੜੇ,
ਅਤਿ ਮਿੱਠਾ।
ਵਾਂਗ ਬਹਾਰ ਸਦਾ ਮੈਂ ਤੱਕਿਆ
ਬਾਹਰੋਂ ਬਾਹਰੋਂ,
ਪਰ ਕਿੰਜ ਉਸ ਦਾ ਨੰਗਾ, ਪੱਤਰ-ਹੀਣ ਸਿਆਲਾ
ਉਹ ਸੀ ਕੱਟਦਾ,
ਧੁਰ ਰਤੜੇ ਦਿਲ ਦੇ ਪਿਛਵਾੜੇ,
ਉਹ ਅਜ ਅੱਖੀਆਂ ਸਾਹਵੇਂ ਡਿੱਠਾ।
ਜਿਸ ਦੇ ਅੱਖਰ ਧੁੰਧਲੇ, ਕਾਲੇ,
ਕੱਕਰੀ ਵਿਚ ਉਕਰੇ, ਯਖ਼-ਠੰਢੇ,
ਉਸ ਦੇ ਬਲਦੇ ਮਰਦਾਂਵੇਂ ਨ੍ਹੇਰੇ ਦੇ
ਅੰਗ ਅੰਗ 'ਤੇ ਪਰਛਾਵੇਂ ਸੁੱਟੇ।
ਜਿਉਂ ਹੋਣ ਪਥਰਾਈਆਂ ਅੱਖਾਂ ਸੁਪਨ ਦੀਆਂ,
ਜੋ ਸਹਿਕਿਆਂ ਟੁੱਟੇ!

ਤੇ ਹੁਣ ਮੌਤ-ਸਮਾਨ,
ਹਭਾ ਕੁਝ ਨੰਗਾ ਹੋਇਆ।
ਜਿਵੇਂ ਅਨੰਤ ਦਾ ਭੇਦ
ਬੀਜ ਦੇ ਪਾਟ ਜਾਣ ਵਿਚ ਲੁਕਿਆ ਹੋਵੇ!

ਪ੍ਰੀਤ ਜਿਵੇਂ
ਕੋਈ ਆਪ-ਸਹੇੜੀ ਪੀੜਾ ਹੋਵੇ!
ਆਦਮ ਜਿਉਂ ਕੋਈ ਦੇਵ-ਸੁਪਨ ਤੋਂ
ਕੁਰਬਾਨੀ ਦੀ ਬਿਰਥਾ ਹੋਵੇ!
ਮੁਕਤੀ ਜਿਉਂ ਕੋਈ ਜਨਮ ਜਨਮ ਦੀ ਪੀੜਾ ਦਾ,
ਇਕ ਦਰਦ-ਭਰੀ ਛਾਤੀ ਦੇ ਅੰਦਰ ਸਹਿਣਾ ਹੋਵੇ!
ਹੱਥ ਉਹਦੇ ਈਕੂੰ ਫੈਲਾਏ,
ਇੱਕ ਮਾਸੂਮ ਬਿਹਬਲੀ ਅੰਦਰ,
ਜਿਵੇਂ ਹੋਇ ਕੋਈ ਸੂਲੀ ਸੁੱਤਾ,
ਲਹੂ-ਰੋਵੰਦੜੇ ਰੱਬ ਦੀ ਝੋਲੀ!
ਜਿਵੇਂ ਕੋਈ ਇਕ ਘੋਰ ਹਯਾਤੀ
ਸੂਰਜ ਵਾਂਗ ਬਲੇ ਪੀੜਾ ਵਿਚ,
ਪਰ ਡਿੱਗੇ ਤਾਂ ਸੰਝਾਂ ਵਾਂਗੂੰ,
ਜਿਵੇਂ ਕੋਈ ਅਰਦਾਸ ਅੰਤਲੀ
ਜੁਗਾਂ ਜੁਗਾਂ ਲਈ ਕਰਦਾ ਹੋਵੇ!

*****

## ਈਸਾ ਨੂੰ ਸੂਲੀ ਉਤੇ ਵੇਖ ਕੇ

ਗਿੱਠ ਕੁ ਸੂਲੀ ਉਤੇ ਟੰਗਿਆ,
ਦਿਲ ਦੇ ਰੰਗ ਰੰਗਿਆ!
ਜਿਹਨੂੰ ਮਾਨੁੱਖ ਜਾਤਾ
ਕੋਈ ਜੀਵਨ ਦਾ ਅਰਜੋਈ!
ਚੰਬੇ-ਹਾਰ ਓਹਦੀ ਮਿੱਟੀ ਗੋਈ
ਮੁਸ਼ਕੀ ਅਤੇ ਮਸੂਮ ਉਹਦੀ ਚੁੱਪ,
ਉਹਦੀ ਰੱਤ ਵਿਚੋਂ ਦੁੱਧ ਚੋਇਆ
ਅਤੇ ਨਰਗਸ ਵਾਂਗੂ ਰੋਈ,
ਭਵਿੱਖ ਦੀ ਅੱਖ ਉਸ ਦੀ!
ਉਨ੍ਹਾਂ ਸਭਨਾਂ ਲਈ ਤਰਸੋਈ,
ਜੋ ਵੇਖਣ ਤੇ ਦਕ੍ਰਨ,
ਮਰ ਮੰਨਣ ਨਾ ਹੋਣੀ ਹੋਈ!

ਰੌਂਦੇ ਕੰਡਿਆਂ ਦਾ,
ਓਹਨੂੰ ਤਾਜ ਪੁਆਇਆ।
ਨਾਲ ਹੱਸਣ ਤੇ ਪੁੱਛਣ
"ਤੇਰਾ ਰੱਬ ਕਿਉਂ ਨਹੀਂ ਹੇਠਾਂ ਆਇਆ ?"
ਤੇ ਉਹ ਮੰਦ ਮੰਦ ਹੀ ਮੁਸਕਾਇਆ।
ਵੇਖ ਕੇ ਸੱਖਣੇ ਬ੍ਰਿਛਾਂ ਦੀ ਛਾਇਆ!
ਤੇ ਉਹ ਤੱਕਦਾ ਸੀ ਕਿਤੇ ਦੂਰ
ਰਾਤ ਦੀ ਕੁੱਖ ਵਾਂਗੂੰ,
ਉਹਨੂੰ ਤਰਸ ਜਿਹਾ ਕੋਈ ਆਇਆ,

ਕਿਸੇ ਆਉਂਦੀ ਮਸੂਮ ਝਾਤ 'ਤੇ।
ਉਹਦਾ ਦਿਲ ਸੀ ਇੰਜ ਨਰਮਾਇਆ,
ਜਿਉਂ ਪਿਆਰ ਲਈ ਖੁਲ੍ਹੇ ਬੁੱਲ੍ਹ ਦਾ।
ਤੇ ਸਰਾਪ ਉਹਦੀ ਹਿੱਕੋਂ ਨਾ ਉੱਠੇ;
"ਅਵੇ ਚੰਮ-ਵੇਚੜਿਓ,
ਤੁਸਾਂ 'ਤੇ ਪਵੇ ਮਨੁੱਖ ਦਾ ਸਾਇਆ!"

ਲਗੇ ਸਾਹ ਉਸ ਦਾ ਘਬਰਾਇਆ!
ਉਹਦੇ ਚੰਨ-ਚਾਨਣ ਨੂੰ,
ਜਿਵੇਂ ਠੰਢਾ ਪਸੀਨਾ ਆਇਆ!
ਤੇ ਜਾਣੇ ਭੀੜ ਪਈ
ਇਹ ਪੀੜਾਂ ਤੋਂ ਪਛਤਾਇਆ!
ਤੇ ਹਉਕੇ ਵਾਂਗ ਇਹਨੇ
ਕੋਈ ਸੁਪਨਾ ਖਾਰੇ ਪਾਇਆ!
ਜੋ ਉੱਡ, ਪਰਛਾਂਈਂ ਹਾਰ,
ਇਹਦੇ ਹੱਥ ਨਹੀਂ ਆਇਆ!
(ਪਰ) ਜੋ ਜੀਵਨ ਦੇ ਭੈ ਵਾਂਗ
ਮੌਤ-ਮਿਰਗਾਵਲ ਨੂੰ ਤ੍ਰਾਹ ਦਏ,
ਓਸ ਦੀ ਹਸੀ,
ਉਦਾਸੀ ਵਾਂਗ,
ਦਿਲਾਂ 'ਤੇ ਵਸੀ;
ਤੇ ਬੋਲੀ ਵਾਂਗ ਖ਼ਮੋਸ਼ੀ ਬੋਲ,
ਭੇਦ ਉਸ ਸੁਪਨੇ ਦਾ,
ਜੋ ਸਦਾ ਸਦਾ ਤੋਂ ਸੀ,
ਸਦਾ ਲਈ ਹੋਸੀ ਵੀ।

ਤੇ ਵੇਖਣ ਸਭੇ ਪਏ
ਉਨ੍ਹਾਂ ਦੇ ਧੁਰ ਅੰਦਰ
ਕੁਝ ਮਰਦਾ ਮਰਦਾ,
ਕੁਝ ਗੁੰਮਦਾ ਗੁੰਮਦਾ,
ਦਿਲ ਕਿਰਦਾ ਕਿਰਦਾ,
(ਪਰ) ਕਿਸੇ ਯਕੀਨ ਨਾ ਕੀਤਾ।

******

## ਦੁੱਖ-ਸੁੱਖ

ਦੁੱਖ ਦਾ ਆਉਣਾ ਪਿੱਛਲ-ਪੈਰੀਂ
ਏਹੋ ਸੁੱਖ ਹੈ ਬੰਦੇ ਦਾ!
ਚੰਗਾ ਕੇਵਲ ਇਕ ਪੜਾਉ ਹੈ,
ਮੰਦਾ, ਮੰਦਿਉਂ-ਮੰਦੇ ਦਾ!
ਸੱਚ ਉਹੀ ਜੋ ਜਰ ਨਾ ਸਕੀਏ,
ਜੋ ਕਹਿਣਾ ਨਾ ਕਹਿਣਾ ਹੈ!
ਜੀਵਨ ਉਹੀ ਜੋ ਨੀਂਦਰ ਦਾ
ਚੁੱਪ ਅੰਦਰ ਵਟਦੇ ਰਹਿਣਾ ਹੈ!

*****

## ਕਿਹੜਾ ਪੰਛੀ ਆਇਆ ?

ਚੇਤਰ ਦਾ ਕੱਚਾ ਦੁੱਧ ਪੀਂਦਾ,
ਮੱਥੇ ਕੇਸਰ ਲਾਇਆ।
ਦਿਲ ਦੀ ਸਜ-ਸਾਵੀ ਟਾਹਣੀ 'ਤੇ,
ਇਹ ਕਿਹੜਾ ਪੰਛੀ ਆਇਆ ?

ਚੰਬੇ ਦੀ ਡੋਲੀ ਵਿਚ ਬੈਠੀ
ਨਾਰ ਓਸ ਦੀ,
ਹੋਠ ਖੋਲ੍ਹਦੀ
ਪਤਲੇ, ਕੰਬਦੇ,
ਅਪਣੀ ਗੰਧ ਝੂਮਾਈ।
ਜਨਮ-ਜਨਮ ਦੀਆਂ ਤਾਰਾਂ ਨੂੰ
ਇਹ ਕਿਸ ਨੇ ਆ ਟੁਣਕਾਇਆ?

ਜੋ ਫੁੱਲ ਖਿੜਦਾ, ਹੱਸਦਾ ਹੱਸਦਾ!
ਜੇ ਫੁੱਲ ਝੜਦਾ, ਹੱਸਦਾ ਹੱਸਦਾ!
ਇਹ ਖ਼ੁਸ਼ਬੂਈ ਦੀ ਸਤਰੰਗੀ
ਕਿਸ ਨੇ ਪੀਂਘ ਝੁਟਾਈ ?
ਸੁਪਨਿਆਂ ਨੇ ਅਪਣੇ ਪੈਰਾਂ 'ਚੋਂ
ਚੁਣ ਲੀਤੀ ਕੰਡਿਆਈ।
ਅੱਜ ਸਮੇਂ ਦੀਆਂ ਧੂੜਾਂ 'ਤੇ
ਇਹ ਕਿਨ੍ਹੇ ਤ੍ਰੌਂਕਾ ਲਾਇਆ ?
ਚੰਨ ਚੜ੍ਹਿਆ ਤਾਂ ਨਰਮਿਆ ਨਰਮਿਆ,

ਤਾਰਿਆਂ ਤੋਂ ਸ਼ਰਮਾਇਆ!
ਜਿਉਂ ਆਕਾਸ਼ਾਂ ਨੇ ਘੁਲਿਆ ਮਨ
ਦਿਲ ਦੇ ਖਾਰੇ ਪਾਇਆ!
ਅੱਜ ਧਰਤੀ ਦੇ ਪੈਰਾਂ ਨੂੰ
ਕਿੰਨ ਮਹਿੰਦੀ ਰੰਗ ਛੁਹਾਇਆ ?

ਕਣਕ-ਵੰਨੀ ਊਸ਼ਾ ਦੀ ਵਹੁਟੀ
ਖੜੀ ਬਰੂਹੀਂ ਸੂਰਜ ਦੀ,
ਸ਼ਾਮ ਦੀਆਂ ਘਣ-ਨੀਲੀਆਂ ਅੱਖੀਆਂ
ਪਈ ਉਡੀਕੇ, ਰੇਸ਼ਮ-ਉਣਦੀ!
ਅੱਜ ਪੰਛੀ ਨੇ ਗੀਤ ਆਪਣੇ ਸਾਹਵੇਂ
ਕਿਉਂ ਹੈ ਗਾਇਆ ?
ਉਹਨੂੰ ਕਿਹਾ ਸੁਨੇਹੁੜਾ ਆਇਆ ?
ਧਰਤੀ ਦੀਆਂ ਬੁਲ੍ਹੀਆਂ 'ਤੇ ਅੱਜ
ਆਕਾਸ਼ ਕਿਉਂ ਨਿਹੜਾਇਆ ?

*****

## ਗੀਤ

ਆਵੋ ਜੀ ਆਵੋ,
ਧੂੜ-ਲੁਤੇ ਸਾਡੇ ਵਿਹੜੇ।
ਚੁੱਪ ਚੁੱਪ ਆਉਣਾ,
ਜੀਉ,
ਛੁਪ ਛੁਪ ਆਉਣਾ,
ਚੜ੍ਹ ਕੇ ਦਿਲੜੀ ਦੇ ਘੋੜੇ।

ਕਜਣਾ ਨੰਗੇਜ ਨਾ ਮੈਂ ਸਜਰੇ ਹੰਗਾਵਾਂ ਦਾ।
ਆ ਜਾ ਤੈਨੂੰ ਨਸ਼ਾ ਦੇਵਾਂ ਤੱਤੇ ਤੱਤੇ ਸਾਹਵਾਂ ਦਾ।
ਦਿਲਾਂ ਨਾਲ ਕੱਢਾਂ ਭੇਦ ਗੁੱਝਿਆ ਪੜਾਵਾਂ ਦਾ।
ਅੰਗਾਂ ਨਾਲ ਨੰਗੇ ਅੰਗ ਸੁਤੇ ਰਹਿਣ ਅੱਗ ਬਾਲ,
ਨਾ ਹੀ ਕੋਈ ਤੈਨੂੰ
ਨਾ ਹੀ ਮੈਨੂੰ ਕੋਈ ਹੋੜੇ!

ਮਨ ਦੇ ਮੰਦਰ ਵਿਚ ਚਾਂਦੀ ਦੀਆਂ ਟੱਲੀਆਂ ?
ਕਿਨ੍ਹੇ ਖੜਕਾਈਆਂ ਨੇ ਪੰਜੇਬਾਂ ਇਨ੍ਹਾਂ ਗਲੀਆਂ ?
ਪਿਆਰ ਸਦਾ ਸਦਾ ਰੂਹਾਂ ਕੀਤਾ ਹੈ ਇਕੱਲੀਆਂ।
ਤੱਕੇ ਨੇ ਸ਼ਰੀਕ-ਚੰਨ ਚਾਨਣੇ ਦੇ ਚਾਦਰੇ 'ਚੋਂ,
ਜਦੋਂ ਵੀ ਹਨੇਰਾ
ਦਿਲ-ਵੰਝਲੀ ਨੂੰ ਛੇੜੇ!

*****

## ਤੂੰ ਕਜਿਆ ਹੈ ਮੈਨੂੰ

ਤੂੰ ਕਜਿਆ ਹੈ ਮੈਨੂੰ
ਪੀੜੇ, ਕੂਲੇ ਕੱਜਣ,
ਲੋਕੀਂ ਆਖਣ ਨੰਗਾ!
ਜੇ ਮੈਂ ਤੁਰਾਂ ਨਾ ਤੁਰੇ ਰਾਹਾਂ 'ਤੇ,
ਆਖਣ: ਇਸ ਨੂੰ ਸੂਝ ਨਹੀਂ ਹੈ,
ਕੀ ਮੰਦਾ, ਕੀ ਚੰਗਾ!
ਜੇ ਮੈਂ ਆਪਣੇ ਧੁਰ ਅੰਦਰ ਦੀ ਸੁੰਨ ਸਮਾਵਾਂ,
ਆਖਣ: ਇਹ ਕੋਈ ਗੁੰਮਿਆਂ, ਸੁੱਤਾ
ਸੁ੍ਪਨ ਨਿਥਾਂਵਾਂ!
ਜੇ ਮੈਂ ਤੇਰੀ ਮਹਾਨ ਚੁੱਪ ਦੀ
ਚਾਦਰ ਓੜ੍ਹਾਂ,
ਜੀਵਨ ਦੀ ਬੁੱਢੀ ਪਤਰੀ 'ਚੋਂ
ਕਟ ਦੇਂਦੇ ਨੇ ਮੇਰਾ ਨਾਂਵਾਂ।

****

## ਜੋ ਲੱਭੋਂ ਸੋ ਪਾਵੇਂਗਾ

ਜੋ ਲੱਭੋਂ ਸੋ ਪਾਵੇਂਗਾ,
ਸੋ ਜੋ ਨਹੀਂ ਲੱਭਦਾ,
ਉਸ ਨੂੰ ਲੱਭੀ!
ਪਰ ਜੇ ਭੇਦ ਦਿਲੇ ਦਾ ਪੁੱਛੇ ਕੋਈ,
ਤਾਂ ਨਾ ਦਸੀਂ!
ਕਿਉਂਕਿ ਜੇ ਕੋਈ ਤੈਨੂੰ ਪੁੱਛੇ,
ਉਸ ਦਾ ਰੂਪ ਕਜੇਹਾ,
ਤਾਂ ਤੂੰ ਕਹਿਸੇਂ;
ਜਿਉਂ ਕੋਈ
ਵਾਂਗ ਪੁਲਾੜ,
ਇਕੱਲਾ,
ਖ਼ਾਲੀ, ਬੈਠਾ।

*****

## ਉੱਚਾ ਉੱਚਾ ਕੂਕ ਪੁਕਾਰੇਂ

ਉੱਚਾ ਉੱਚਾ ਕੂਕ ਪੁਕਾਰੇਂ,
ਵੇਖੀਂ, ਰੱਬ ਸੁਣ ਲੈਸੀਆ ਵੋਇ!
ਤੇ ਤੂੰ ਤ੍ਰਭਕ ਆਖਸੇਂ "ਰੱਬਾ,
ਨਾਲ ਮੇਰੇ ਕੀ ਬਣੀਆਂ ਵੋਇ!"
ਕਰੀਂ ਜੋਦੜੀ ਰੱਬ ਦੇ ਅੱਗੇ
ਬਦਲੀ ਦੀ ਵਗਦੀ ਅੱਖ ਵਾਂਗੂੰ ਨੀਂਵੀਂ ਪਾਈ!
ਗਊਆਂ ਦਾ ਘਰ ਮੁੜਨਾ
ਸੰਝਾਂ ਪਈਆਂ
ਦੁੱਧ ਦੀਆਂ ਧਾਰਾਂ ਵੰਡਣ,
ਚਾਈਂ ਚਾਈਂ!
ਬੱਚਾ ਜਿਵੇਂ ਅੰਗੂਠਾ ਅਪਣਾ
ਦੁੱਧ ਜਾਣ ਕੇ
ਆਪੇ ਚੁੰਘੇ!
ਪੈਰ ਤੇਰੇ ਜਿਉਂ ਸਹਿੰਦੇ
ਤੇਰਾ ਭਾਰ
ਬਿਨਾਂ ਹੰਝ ਦੇ ਕੇਰੇ!
ਚੰਨ ਨੂੰ ਜਿਹੜਾ ਮੰਗੇ
ਕਾਹਨੂੰ ਪੜ੍ਹੇ ਕਿਤਾਬਾਂ?
ਵਾਂਗ ਹਨੇਰੇ ਸਵ੍ਹੇ, ਉਡੀਕੇ,
ਗੁੰਮੇ,
ਘੁੰਮੇ ਨਾਲ ਅਕਾਸ਼ਾਂ।

*****

## ਕੌਣ ਵੰਡੇਗਾ ਮੇਰਾ ਗ਼ਮ ਜੀਵਨ ਦਾ

ਕੌਣ ਵੰਡੇਗਾ ਮੇਰਾ ਗ਼ਮ ਜੀਵਨ ਦਾ,
ਕੌਣ ਸਵੇਂਗਾ ਮੇਰੇ ਦਿਲ ਦੀ ਪਰਾਲੀ ?
ਕੌਣ ਵੜੇਗਾ ਮੇਰੇ ਅੰਦਰੇ ਹਨੇਰੇ,
ਕੌਣ ਪੀਏਗਾ ਨਾਲ ਵਿਸ ਦੀ ਪਿਆਲੀ ?
ਕੌਣ ਸਵੇਂਗਾ ਮੇਰੇ ਨਾਲ ਸੁਫ਼ਨਿਆਂ,
ਪਿਆਰ-ਲੱਮੇਰੇ, ਪਰ ਖ਼ਾਲੀ ਖ਼ਾਲੀ ?
ਕੌਣ ਰਾਂਝਾ ਜਿਹੜਾ ਕੰਨ ਪੜਵਾਇਗਾ,
ਮਿਲੇ ਨਾ ਮਿਲੇ ਭਾਵੇਂ ਹੀਰ ਸਿਆਲੀ ?
ਮੌਤ ਦੇ ਚੌਖਟੇ ਜਿੰਦ ਜੜ੍ਹੀ ਸੰਗ,
ਕੌਣ ਪਾਇਗਾ ਰੂਹ ਦੀ ਭਿਆਲੀ ?
ਦੋ-ਧਾਰੀ ਅੱਖੀਆਂ ਤੇ ਪਾਟੇ ਹੋਇ ਦਿਲੇ ਸੰਗ,
ਇਕ-ਖੰਭਾ ਮਨ ਕਿਵੇਂ ਭੰਵੇਗਾ ਭੰਵਾਲੀ ?
ਘੜੇ ਮੇਰੇ ਵਿਚ ਗ਼ਮ ਦੇ ਦਾਣੇ,
ਕੌਣ ਪੀਹੇਗਾ ਇਹ ਛਿੱਲੜ ਖ਼ਾਲੀ ?
ਕੌਣ ਆਪੇ ਨਾਲੋਂ ਅੱਡਰਾ ਬਹੇਗਾ,
ਕੌਣ ਚਲੇਗਾ ਮੇਰੀ ਚਾਲ ਨਿਰਾਲੀ ?

ਇਕ ਮੈਂ ਇਕੱਲਾ, ਦੂਜ ਰੱਬ ਵੀ ਇਕੱਲਾ,
ਦੋਵੇਂ 'ਕੱਲੇ ਚਲਾਂਗੇ ਅਸੀਂ ਸਖਣੇ ਤੇ ਖ਼ਾਲੀ!

****

## ਗੀਤ

ਅੱਜ ਇਕ ਮਿੱਠੀ ਜਿੰਦੀ ਮੇਰੀ ਵਲ ਤੱਕਿਆ।
ਜਿਵੇਂ ਕਦੀ ਮੈਨੂੰ ਕੋਈ ਤੱਕ ਨਹੀਂ ਸਕਿਆ!
ਮੈਨੂੰ ਲੱਗੀ ਬੜੀ ਨੇੜੇ, ਬੜੀ ਆਪਣੀ ਆਪਣੀ,
ਸਵਾਦ ਨਾਲ ਝੁਲੀ ਮੇਰੀ ਜਿੰਦ ਹੋ ਕੇ ਕਣੀ ਕਣੀ!
ਤ੍ਰਿਮ ਤ੍ਰਿਮ ਵਸੀ ਕਿਤੋਂ ਤਰੀ ਮੇਰੀ ਝੋਲ ਨੀ!
ਦੁੱਧ ਮੇਰੇ ਲਹੂ ਵਿਚ ਦਿੱਤਾ ਕਿਸੇ ਘੋਲ ਨੀ!
ਅੱਗੇ ਸੀ ਦਿਹਾੜਾਂ, ਰਾਤਾਂ, ਵਟ ਵਟ ਜਾਂਦੀਆਂ;
ਹੁਣ ਨਾ ਦਿਹੁੰ ਚੜ੍ਹਦਾ ਤੇ ਨਾ ਰਾਤੀਆਂ ਵਿਹਾਂਦੀਆਂ!
ਉੱਚੀ ਉੱਚੀ ਜੀਣ-ਬੱਤੀ ਜਗੀ ਜਗੀ ਜਾਇ ਨੀ!
ਲੰਮੀ ਲੰਮੀ ਜੀਣ-ਨਦੀ ਵਗੀ ਵਗੀ ਜਾਇ ਨੀ!
ਅੱਗੇ ਅੰਗ ਲੱਗਦੇ ਸੀ ਸੁੱਕੇ ਸੁੱਕੇ ਕਾਠ ਨੀ,
ਹਿੱਲਦੇ ਹਿਲਾਇਆਂ, ਵਿਚੋਂ ਵੱਜਦਾ ਨਾ ਠਾਠ ਨੀ,
ਹੁਣ ਅੰਗ ਮੌਲੇ, ਰੱਤ ਸੱਜਰੀ ਸਮੋਈ ਨੀ;
ਰੂਹ ਤਾਈਂ ਕੰਬੀ, ਜਿੰਦ ਸ੍ਵਾਦ ਸ੍ਵਾਦ ਹੋਈ ਨੀ!
ਹਾਇ ਅਵੇ ਲੋਕੋ, ਕੀ ਇਹ ਹੋਇਆ ਮੇਰੇ ਨਾਲ ਨੀ ?
ਇੱਕੋ ਤੱਕਣੀ ਨੇ ਕੀਤਾ ਹਾਲੋਂ ਬੇਹਾਲ ਨੀ!

*****

## ਘਾਹ ਦੀ ਪੀੜ

ਪੋਲੇ ਪੋਲੇ ਪੈਰ ਅਸਾਡੇ ਉਤੇ ਪਾਣੇ ਸਈਓ,
ਹੱਡੀ ਟੁੱਟ ਵੈਸੀ ਸਾਡੀ, ਮਾਸੇ ਵਰਗੀ ਪੋਲੀ!
ਪ੍ਰੀਤ-ਸੰਧੂਰੀ ਅੱਖੜੀ ਵਾਂਗੂੰ,
ਵਸਿਓ ਹੌਲੀ ਹੌਲੀ!

ਧੁੱਪਾਂ ਕੋਲੋਂ ਝੰਵੀਏਂ,
ਨਿਵੀਏਂ, ਪੈਰਾਂ ਤੋਂ ਵੀ ਨਿਵੀਏਂ,
ਡਿੱਗੀਏ, ਨੈਣਾਂ ਤੋਂ ਵੀ ਡਿੱਗੀਏ
ਪਵਣਾਂ ਅਗੇ ਡਾਹੀਏ ਝੋਲੀ!

ਸਾਵੀ ਸਾਵੀ ਚੜ੍ਹੇ ਜਵਾਨੀ,
ਜੀਵਨ ਪਾਇ ਮੌਤ, ਦੀ ਚੋਲੀ।
ਡੋਲੀ ਤੁਰਦੀ ਬਿਨਾਂ ਕਹਾਰੋਂ,
ਵੇਖੀ ਲਾਇ ਨਾ ਮਹਿੰਦੀ, ਮੌਲੀ।

ਚੜ੍ਹਿਆਂ ਦਿਨ, ਚੜ੍ਹ ਆਏ ਤ੍ਰੇਲੀ,
'ਲੱਥਿਆਂ, ਚੜ੍ਹ ਚੜ੍ਹ ਆਉਂਦੇ ਤਾਰੇ,
ਖਿੜਦੀ ਰਾਤ-ਚਾਨਣੀ,
ਅਸਾਂ ਦਿਲੇ ਦੀ ਦੱਬੀ ਅੱਗ ਫਰੋਲੀ!
ਮਿੱਟੀ ਵਿਚੋਂ ਉੱਗ,

ਪਲੇ ਹਾਂ ਮਿੱਟੀ ਦਾ ਦੁੱਧ ਪੀ ਕੇ,
ਹਾਇ, ਅਸਾਡੀ ਪੀੜ
ਕਿਸੇ ਦਿਲ ਵਾਲੇ ਨੇ ਨਹੀਂ ਗਉਲੀ!

****

## ਮੈਂ ਚੰਬੇ ਦੀ ਬੂਟੀ

ਮੈਂ ਚੰਬੇ ਦੀ ਬੂਟੀ, ਵੇ ਮਾਹੀਆ,
ਜ਼ਾਤ ਮੇਰੀ ਕਸਤੂਰੀ!
ਅੰਦਰੋਂ ਬਾਹਰੋਂ ਮੈਂ ਰਵਾਂ ਕੰਵਾਰੀ,
(ਪਰ) ਰਹਿੰਦੀ ਏ ਮਾਂਗ ਸੰਧੂਰੀ!
ਉਮਰ ਮੇਰੀ ਦੀਆਂ ਕੱਚੀਆਂ ਗੰਦਲਾਂ,
(ਪਰ) ਰੂਹ ਵਿਚ ਨਸ਼ਾ ਅੰਗੂਰੀ!
ਵਿਚ ਹਨੇਰੇ ਚਿੱਟਾ ਪਲੰਘ ਵਿਛਾਨੀ ਆਂ,
ਮਾਣੇ ਕੋਈ ਚੋਰੀ ਚੋਰੀ!
ਸਾਹ ਮੇਰੇ ਖ਼ੁਸ਼ਬੂਈ ਜਿੰਨੇ ਲੰਮੇ,
ਸਿੱਕ ਮੇਰੀ ਜੀਵਨ ਵਾਂਗ ਅਧੂਰੀ!
ਜੀਵਨ ਦੇ ਦੁੱਧ ਉਤੇ ਤਰਦਾ,
ਭਾਰ ਮੇਰਾ ਹੈ ਨੂਰੀ!
ਪਰ ਚੂਪ ਲਿਆ ਜਦ ਰਸ ਰਸੀਏ ਨੇ
ਟੁਕ ਦੇਨੀ ਆਂ ਜਿੰਦ ਦੀ ਡੋਰੀ!

*****

## ਤੁਰਦੀ ਸੜਕ ਨੂੰ ਵੇਖ ਕੇ

ਰਾਹੇ ਰਾਹੇ ਜਾਂਦੀਏ ਨੀ ਮੁਟਿਆਰੇ,
ਜੁਗਾਂ ਜੁਗਾਂ ਤੋਂ
ਕੌਣ ਗਵਾਚਾ ਤੇਰਾ, ਬਾਂਕੀਏ ਨਾਰੇ ?
ਬੱਝੀ, ਜੀਵਨ-ਵਾਂਗੂੰ, ਲੀਹਾਂ ਅੰਦਰ,
ਪਰ ਵਗਦੀ ਵੀ ਰਹਿੰਦੀ ਸਦਾ ਸੁਤੰਤਰ!
ਪਤਾ ਨਾ ਲਗਦਾ
ਕੌਣ ਜਾਗਦਾ ਰਹਿੰਦਾ ਤੇਰੇ ਅੰਦਰ ?

ਤੇਰਾ ਜੀਵਨ ਆਣਾ ਹੈ, ਕਿ ਜਾਣਾ ?
ਹਰਦਮ ਓਵੇਂ ਰਹਿਣਾ, ਨਾਲੇ ਰੰਗ ਵਟਾਣਾ।
ਆਰ ਪਾਰ ਤੇ ਆਦ ਅੰਤ ਦਾ ਭੇਦ ਮਿਟਾਣਾ!

ਭਰੀ ਹੋਈ,
ਤੇ ਰਹਿੰਦੀ ਫੇਰ ਇਕੱਲੀ।
ਰੂਹ ਨੂੰ ਗੰਢਦੀ ਰਹਿੰਦੀ,
ਜਦ ਵੀ ਹੋਇ ਕਵੱਲੀ।
ਨਾਮ ਤੇਰੇ ਤੋਂ ਇਹ ਨਾ ਜਾਪੇ,
ਆਦ-ਅੰਤ ਦੀ
ਤੂੰ ਕਿਉਂ ਪੀੜਾ ਝੱਲੀ ?
ਜਗ ਦੇ ਸਭ ਰੋਸ਼ਨ-ਪਰਛਾਂਵੇਂ
ਤੇਰੇ ਉਤੋਂ ਲੰਘਦੇ,
ਪਰ ਤੂੰ ਆਪ ਨਾ ਲੰਘਣਾ ਚਾਹੇਂ,

ਮੁੜ ਮੁੜ ਆਵੇਂ ਜਾਵੇ!
ਪਾਪੀ ਪੁੰਨੀਂ ਦੋਹਾਂ ਅਗੇ,
ਪ੍ਰਸ਼ਨ ਅਨੋਖਾ ਪਾਵੇਂ!

*****

## ਇੱਕ ਘੜੀ ਦੀ ਯਾਦ

ਜੀਵਨ ਮੇਰਾ ਚਿੱਟਾ
ਸਿੱਪੀ ਵਾਂਗਰਾਂ।
ਸੁੱਤਾ, ਹੁਸਨ-ਸਮਾਨ,
ਅਪਣੀ ਛਾਂਉਂ ਵਿਚ।
(ਪਰ) ਅੱਧ-ਖੁਲ੍ਹੇ ਬੁਲ੍ਹ ਰੂਹ ਦੇ ਜਿਦੇ ਉਡੀਕਦੇ
ਆਸ-ਨਿਰਾਸੇ,
ਓਸ ਇਸ਼ਕ ਦੀ ਬੂੰਦ ਨੂੰ,
ਜੋ ਢਹਿੰਦੀ ਹੈ ਆਣ
ਵਾਂਗ ਖ਼ੁਸ਼ਬੂਈ ਦੇ,
ਚੁੱਪ,
ਅਚਾਨਕ,
ਗੋਦਿ ਤਿਲ੍ਹਕਦੇ ਸਮੇਂ ਦੀ!

ਸੁਫ਼ਨ ਵਾਂਗ ਮੈਂ ਸਵੀਂ,
ਨੀਂਦ ਦੀ ਜਾਗ ਵਿਚ।
ਬਾਹਰ ਸਮੇਂ ਦਾ ਸਾਗਰ
ਚੰਚਲ ਸ਼ੂੰਕਦਾ।
ਜਿਸ ਦੇ ਕਾਠੇ ਪਾਣੀ
ਅਪਣੀ ਹਿੱਕ 'ਤੇ,
ਆਪ ਚੜ੍ਹੇ ਹਨ ਰਹਿੰਦੇ,
ਹੋਸ਼-ਬਿਦੇਸ਼ ਹੈ!
ਮੱਛੀਆਂ ਕਲਵਲ ਹੋਈਆਂ,

ਜਿਸ ਵਿਚ ਪਲਦੀਆਂ,
ਇੱਕ ਦੂਜੇ ਦੇ ਉੱਤੇ,
ਵਾਂਗ ਮਨੁੱਖ ਦੇ!
ਨਾਲ਼ੇ ਸੀਗ ਚੱਟਾਨਾਂ,
ਜਿਉਂ ਬਿਨ-ਆਤਮਾ,
ਠਹਿਕਣ ਨਾਲ ਤੁਫ਼ਾਨਾਂ,
ਜਿਉਂ ਦੀਆਂ ਤਿਉਂ ਰਹਿਣ!
ਭਾਵੇਂ ਚੰਗੇ ਭਾਗੀਂ ਪੱਥਰ ਸੀਗ ਉਹ,
ਜੋ ਹੈ ਮਾਨੁੱਖ ਨਾਲੋਂ ਛੇਤੀ ਦਰਦਦਾ!
ਜਾਂ ਫਿਰ ਹੱਡੀਆਂ ਰੜਕਣ
ਮੋਇ ਫ਼ਰਿਸ਼ਤਿਆਂ,
ਰਲੀਆਂ ਨਾਲ ਜਨੌਰਾਂ
ਕਰੂਲੀਆਂ ਸਮੇਂ ਦੀਆਂ!
(ਜਾਂ) ਬੇਪ੍ਰਵਾਹੀ ਨਾਲ ਖਦੇੜੀਆਂ ਜਾਣ ਉਹ,
ਤਕ ਤਕ ਹੋ ਵਿਸਮਾਦ,
ਨਿਰਾਸੀ ਰਵ੍ਹਾਂ ਮੈਂ!

ਜਾਂ ਲਹਿਰਾਂ
ਜੋ ਚੂਪਣ ਰੂਪ ਅਕਾਸ਼ ਦਾ!
ਬਾਹੀਂ ਉਲਾਰਨ ਦੂਰ
ਤੇ ਝਟ ਸ਼ਰਮਾਣ ਫਿਰ!
ਚੰਨ ਦੀ ਨੀਲ-ਬਿਲੌਰੀ ਆਭਾ ਵੇਖ ਕੇ,
ਨਵੀਂ-ਵਿਆਹੀ, ਅੱਖ ਜਿਵੇਂ ਲਜਿਆਂਵਦੀ!
ਜਾਂ ਜਿਨ੍ਹਾਂ ਦੇ ਪੈਰ

ਹਵਾਈਂ ਲੜਖੜੇ,
ਤੇ ਜੋ ਨੱਚਣ ਨਾਚ
ਹੋਂਦ-ਨਿਹੋਂਦ ਦਾ!
ਲੱਕ ਜਿਨ੍ਹਾਂ ਦੇ ਹੋਣੀ ਵਾਂਗੂੰ ਥਰਕਦੇ,
ਉਭਰਨ ਉਭਰਨ ਕਰਦੇ,
ਢਹਿਣ ਚੁਫਾਲ ਹੋ!

ਨਾਲੇ ਸੂਰਜ ਫਾਥੇ,
ਨੀਲੇ ਗਾਗਰੀਂ!
ਸੱਖਣੇ-ਦਿਲੋਂ ਅਕਾਸ਼,
ਪੜਾਵੇ ਵਹਿਮ ਦੇ!
ਆਸ-ਫੋੜਿਆਂ ਵਾਂਗ,
ਸਿਤਾਰੇ ਤਿੜਕਦੇ!
ਧੁੰਦਾਂ ਦੀ ਫੁਲਕਾਰੀ,
ਪੀਂਘ ਪੁਲਾੜ ਦੀ!
ਇੱਕ ਅਨੰਤ ਸੱਨਾਟਾ,
ਜਿਨ੍ਹਾਂ ਦਾ ਜੀਣ ਸੀ!

ਨਾਲੇ ਬੋਹਿਥ, ਨੌਕਾਂ, ਅਗਨੀ ਬੇੜੀਆਂ,
ਚੀਰਨ ਪਾਣੀ-ਹਿੱਕ, ਮਨੁੱਖਤਾ ਵਾਂਗਰਾਂ!
ਲਹੂ-ਨਦੀਆਂ ਵਿਚਕਾਰ, ਜੋ ਮਿਲਣੋਂ ਤ੍ਰਹਿੰਦੀਆਂ!
ਰਤੀਆਂ ਰਤੀਆਂ ਰਹਿਣ, ਨੀਲੀਆਂ ਨੀਲੀਆਂ,
ਸੱਜਾ, ਖੱਬਾ,
ਅਪਣਾ ਤੇ ਬੇਗਾਨੜਾ।
ਖਹਿਸਰ ਖਹਿਸਰ ਪੈਣ, ਉਹ ਪਾਣੀ ਨਾਲ ਵੀ!
ਅਪਣੇ ਸੀਖ਼ੇ ਲੋਹੇ ਦੀ ਤਲਵਾਰ ਸੰਗ!

ਭਾਵੇਂ ਕਿਤਵਲ ਜਾਂਦੇ ?

ਕੀ ਹਨ ਭਾਲਦੇ ?

ਕੁਝ ਵੀ ਕੋਈ ਨਾ ਜਾਣੇ,

ਜਾਵਣ ਚੀਰਦੇ-

ਧਰਤ-ਅਕਾਸ਼ੀ ਲੀਕ,

ਹੋਇ ਬਿਹਬਲੇ!

ਨਾਲੇ ਵੇਖੇ ਘੋਗੇ,

ਥੁੱਕੇ ਸਮੁੰਦ ਨੇ!

ਧਰਤੀ ਦੀ ਅੱਖ ਉੱਤੇ,

ਵਾਂਗ ਧਨਾਢ ਦੇ!

ਜੋ ਅੱਧ-ਨੰਗੇ ਬੱਚੇ,

ਨਾਲ ਮਸੂਮਤਾ,

'ਕੱਠੇ ਕਰਨ, ਖਿਲਾਰਨ

ਪਰੀ-ਮਹੱਲ ਵਾਂਗ,

ਜੋ ਉਹ ਨਿੱਤ ਉਸਾਰਨ

ਗਿੱਲੀ ਰੇਤ ਦੇ।

ਤੇ ਮੁੜ ਗੇਰ ਨਿਵਾਰਨ,

ਅਪਣੀ ਮੌਜ ਲਈ।

ਹਾਇ ਮਸੂਮ ਗ਼ਰੀਬੀ, ਕੇਹੀ ਅਣਜਾਣ ਹੈ!

'ਤੇ ਇਕ-ਟੰਗੇ ਬਗਲੇ

ਅੱਖਾਂ ਅੱਧ-ਮੀਚੀਆਂ।

ਬੁੱਗੇ ਵਸਤ੍ਰ ਪਹਿਨੇ,

ਵਾਂਗ ਅਪਰਸ ਦੇ!

ਖੜੇ ਸਮਾਧੀ ਲਾਇ,

ਗੰਗਾ-ਤੀਰ ਜੋ,

ਖਾਂਦੇ ਕੀੜ-ਮਕੌੜੇ,

ਜੋ ਵੀ ਉਨ੍ਹਾਂ ਨੂੰ

ਮਿਲਦੇ ਸਿਰ ਨਿਹੁੜਾਇ,

ਭੇਖ ਦੇ ਵਹਿਮ ਤੋਂ!

ਅਤੇ ਸਮੁੰਦਰੀ ਚੀਲਾਂ,

ਫੜ-ਫੜ ਕਰਦੀਆਂ।

ਚਿੱਟੀਆਂ, ਪੰਖ-ਮਲੂਕ, ਨੁਹਾਰੋਂ ਤਿੱਖੀਆਂ।

ਮਾਰਨ ਚੀਕਾਂ ਜਿਵੇਂ ਦਿਲ ਵਿਚ ਦਰਦ ਹੈ!

(ਪਰ) ਤਾੜਨ ਪਈਆਂ ਸ਼ਿਕਾਰ, ਅਤੋਲਾ ਜੇ ਫਸੇ!

ਝੁਕ ਝੁਕ ਚੁੰਝਾਂ ਨਾਲ,

ਉਹ ਕਰਨ ਸਲਾਮੀਆਂ,

ਜੋ ਹਨ ਸ਼ੁਕਰ-ਗੁਜ਼ਾਰ,

ਅਚਾਨਕ ਮੌਤ ਦੇ!

ਮੈਂ ਜੰਮੀ ਸਾਂ ਕੈਦ

ਕਾਲ ਤੇ ਸਮੇਂ ਦੀ

ਪਰ ਰਹਿੰਦੀ ਨਾਲ ਅਨੰਤ,

ਅੰਤ ਜਿਸ ਦਾ ਹੈ ਅੰਗ।

ਪਰ ਨਾ ਜਾਣਾ ਮੂਲ,

ਭੇਦ ਕੀ ਜੀਣ ਦਾ ?

ਇਕ ਉਡੀਕ ਨਿਰਯਤਨ,

ਆਸਰੇ-ਸਹਿਤ ਜੋ,

ਪਰ ਜੋ ਰਹਿੰਦੀ ਸਦਾ
ਜੁੰਬਸ਼ਾਂ ਨਾਲ ਹੈ,
ਅੱਥਰੀ, ਜੀਵਨ ਵਾਂਗ,
ਮਿਲੀ ਜੋ ਬੇ-ਤਲਾਸ਼!

ਓਥੇ ਸੀ ਅੱਧ-ਸੁੱਤੀ ਤੇ ਅੱਧ-ਜਾਗਦੀ,
ਹੋਸ਼ਾਂ ਵਾਂਗੂੰ ਧੜਕਾਂ, ਫਿਰ ਬੇਹੋਸ਼ ਸਾਂ!
ਸੁਪਨੇ ਦੇ ਹੇਠਾਂ ਵਿਚ,
ਫੜ ਰਖੀ ਸੀ ਜਾਗ,
'ਕੱਲੀ, ਰਵ੍ਹਾਂ ਨਿਰਾਸ,
ਆਸ ਵਿਚ ਵਸਦਿਆਂ!
ਨਾ ਹੀ ਬੱਝੀ ਨਾਲ ਆਦਿ-ਅਨਾਦਿ ਦੇ;
ਸਹਿਕੇ ਜਿਨ੍ਹ ਅਨੰਤ ਉਹ ਮੇਰਾ ਅੰਤ ਸੀ!
ਮੈਂ ਤਾਂ ਜੀਵਾਂ ਵਿਚ ਕੇਂਦਰ ਜੀਣ ਦੇ,
ਸ੍ਵੈ-ਚਾਲੂ, ਜੇ ਦਿਲ ਹੈ ਧਰਤਿ-ਅਕਾਸ਼ ਦਾ।
ਤੇ ਹੈ ਮੂਲ ਦਾ ਮੂਲ, ਜਿਹਨੂੰ ਸਭ "ਓਹੀ" ਕਹਿਣ,
ਤੇ ਜਿੱਥੇ ਹੈ ਭੂਤ ਭਵਿੱਖ ਦੇ ਨਾਲ ਜੁੜ,
ਵਰਤਮਾਨ ਨੂੰ ਢੂੰਡੇ,
ਸਰਘੀ ਵਾਂਗਰਾਂ।
ਸੁੱਤੀ, ਰਾਤ ਸਮਾਨ, ਓਥੇ ਪਈ ਮੈਂ,
ਕੇਵਲ ਕੋਈ ਸਵੇਰ ਮੇਰੀ ਬੇਚੈਨ ਸੀ!

ਤਾਂਹੀਏਂ ਜੇ ਇਕ ਕੌਤਕ ਡਿੱਠਾ ਚਾਣਚਕ:
ਬਿਨ-ਬੱਦਲ ਆਕਾਸ਼ ਮੇਰੇ 'ਤੇ ਝੁੱਕਿਆ!

ਗੜ੍ਹਕਿਆ ਪਰ ਨਾ ਮੂਲ, ਸਹਿਮ ਭਾਵੇਂ ਗਿਆ!
ਡਿੱਗੀ ਆਣ ਇਕ ਬੂੰਦ,
ਰੂਹ ਦਾ ਦਵਾਰ ਖੋਲ੍ਹ!
ਰੰਗ ਓਹਦਾ ਬੇਰੰਗ,
ਪਰ ਅੰਦਰੋਂ ਰੰਗਿਆ;
ਜਿਸ ਤੋਂ ਸਾਰੇ ਰੰਗ ਸਿੰਜਾਣੇ ਜਾਂਵਦੇ!
ਨਿਮ੍ਹੀ ਨਿਮ੍ਹੀ ਖ਼ੁਸ਼ਬੂਈ ਅੰਦਰ ਫੁਟ ਪਈ ਸੀ!
ਜਿਵੇਂ ਟਹਿਣੀਉਂ ਫੁੱਲ ਝੜੇ ਬਿਨ ਚਾਪ ਦੇ,
ਪੋਲੇ-ਪੈਰੀਂ, ਜਦੋਂ ਚੁੰਮੇ ਉਸ ਨੂੰ ਹਵਾ!
ਤੇ ਉਹ ਡਿੱਗੇ ਚੁਪੀਤਾ, ਚਾਨਣ ਵਾਂਗਰਾਂ,
ਜੇ ਬੋਲੇ ਤਾਂ ਬੋਲੇ
ਬਸ ਖ਼ੁਸ਼ਬੂਈ-ਹਾਰ!

ਬਿਨ-ਮੜ੍ਹਿਆਂ ਹੁਣ ਤਬਲ,
ਸ਼ਬਦ ਬਿਨ ਨਾਦ ਵੱਜੇ!
ਥਰਕੇ ਸਭ ਆਕਾਸ਼,
ਮਨ ਦੇ ਸਭ ਦੁਆਰ ਖੁਲ੍ਹੇ!
ਅਤੇ ਸੁਣੀ ਇਕ ਚੁੱਪ,
ਵਾਂਗ ਉਸ ਸੱਪ ਦੇ
ਜੋ ਸੁਣਦਾ ਹੈ ਸਭ ਕੁਝ,
ਅੱਖ ਦੇ ਪਿਛਲ-ਪੱਖ।
ਤੇ ਪਕੜੀ ਮੈਂ ਬੂੰਦ,
ਰੂਹ ਦੀ ਤੰਦ ਨਾਲ!
ਤੇ ਬੰਦ ਕੀਤੀ ਕੁੱਖ,
ਹੋਈ ਮੈਂ ਸ੍ਵਾਦ ਸ੍ਵਾਦ!

ਪਰ ਹਾਇ ਵੇ ਮੋਤੀ
ਮੇਰੀ ਕੁੱਖ ਦੇ!
ਸੌਣ ਨਾ ਮੈਨੂੰ ਦੇਵੇਂ,
ਅਪਣੇ ਆਪ ਨਾਲ!

******